# ਸੂਰਾ


ਮਾਸਕ ਪੱਤਰ

ਅੰਮ੍ਰਿਤਸਰ AMRITSAR

## ਗੁਰਦਵਾਰਾ ਬਾਲ-ਲੀਲ੍ਹਾ, ਨਨਕਾਣਾ ਸਾਹਿਬ

ਨਿਰੰਕਾਰੀ ਪਿਤਾ ਜੀ ਇਥੇ ਬਾਲ ਅਵਸਥਾ ਵਿਚ ਹਾਣੀਆਂ ਨਾਲ ਨਿਰੰਕਾਰੀ ਖੇਡਾਂ ਖੇਡਦੇ ਰਹੇ ।

NOV. 1974 ਨਵੰਬਰ ੧੯੭੪



ਐਤਕੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼-ਉਤਸ਼ਵ ਗੁਰਪੁਰਬ ੨੯ ਨਵੰਬਰ ਨੂੰ ਹੈ ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ਨੰਬਰ 3/70-68-21 (ਅ.ਪ.) ਮਿਤੀ 17-10-68 ਅਨੁਸਾਰ 'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ, ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਜ਼ਾਹਰ ਪੀਰ ਜਗਤੁ ਗੁਰ ਬਾਬਾ | ਭਾਈ ਸਾਹਿਬ ਗੁਰਦਾਸ ਜੀ | ੧ |
| ਸ੍ਰੀ ਗੁਰੂ ਨਾਨਕ-ਸੰਸਾਰ-ਸੁਧਾਰ | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਗੁਰੂ ਨਾਨਕ ਦੇਵ ਜੀ ਦੀ ਪ੍ਰਤਿਭਾ | ਸ: ਸੇਵਾ ਸਿੰਘ ਜੀ ਸੇਵਕ | ੫ |
| ਕਲ ਤਾਰਨ ਗੁਰੂ ਨਾਨਕ ਆਇਆ | ਭਾਈ ਮੱਘਰ ਸਿੰਘ ਜੀ ਸ਼ਾਂਤ | ੮ |
| ਧਾਰ ਗੁਰੂ ਅਵਤਾਰ ਕਰਤਾਰ ਪ੍ਰਗਟੇ | ਭਾਈ ਸਾਹਿਬ ਰਣਧੀਰ ਸਿੰਘ ਜੀ | ੮ |
| ਅਕਾਲ ਪੁਰਖ ਦੀ ਦਰਗਾਹ | ,, ,, | ੯ |
| ਗੁਰੂ ਬਾਬੇ ਦੀ ਚੜ੍ਹਤ ਦਾ ਪੈਸਾ | ਮੇਜਰ ਪ੍ਰੇਮ ਸਿੰਘ ਜੀ | ੧੩ |
| ਕੀਰਤਨ ਦਾ ਮਹੱਤਵ | ਪ੍ਰਿੰਸੀਪਲ ਹਰਿਭਜਨ ਸਿੰਘ ਜੀ | ੧੪ |
| ਭਗਤਾਂ ਕੀ ਚਾਲ ਨਿਰਾਲੀ | ਸੂਰਾ ਪਰਵਾਰ | ੧੬ |
| ਜੀਵਨ-ਜਾਚ | ਸ: ਹਜਾਰਾ ਸਿੰਘ ਜੀ ਨਵੀਂ ਦਿਲੀ | ੨੧ |
| ਬੇਬੇ ਨਾਨਕੀ ਜੀ | ਸ: ਵਰਿਆਮ ਸਿੰਘ ਜੀ ਦਿਲੀ | ੨੫ |
| ਕੇਸਕੀ (ਛੋਟੀ ਦਸਤਾਰ) | ਐਡੀਟਰ | ੨੯ |
| ਸਿਖ ਧਰਮ ਤੇ ਮਾਸ ਸ਼ਰਾਬ (ਗੁਰ-ਇਤਿਹਾਸ ਵਿਚੋਂ) | ਜੇ.ਪੀ. ਸੰਗਤ ਸਿੰਘ ਜੀ, ਬੱਬੇ | ੩੩ |
| ਸਿਖ ਧਰਮ ਵਿਚ ਇਸਤ੍ਰੀ ਜਾਤੀ ਦੀ ਘਾਲਣਾ | ਬੀਬੀ ਸਤਵੰਤ ਕੌਰ ਜੀ, ਚੰਡੀਗੜ੍ਹ | ੩੬ |
| ਕੇਸਾਂ ਦੀ ਮਹੱਤਤਾ | ਸਾਰੰਗ ਜੀ, ਕਪੂਰਥਲਾ | ੩੮ |
| ਗੁਰੂ ਨਾਨਕ ਆਗਮਨ | ਗਿ: ਗੋਪਾਲ ਸਿੰਘ ਜੀ ਮਿਤਰ | ੩੮ |
| ਦੁਖਭੰਜਨੀ ਦਾ ਅਲੌਕਿਕ ਚਮਤਕਾਰਾ | ਸੂਰਾ ਪਰਵਾਰ | ੩੯ |


## ਨਵੰਬਰ ੧੯੭੪ ਦੇ ਗੁਰਪੁਰਬ ਤੇ ਦਿਨ ਵਿਹਾਰ

ਪਾਤਸ਼ਾਹੀ ੪ ਅਵਤਾਰ ਧਾਰਿਆ ੧ ਨਵੰਬਰ — ਪਾਤਸ਼ਾਹੀ ੮ ਗੁਰਿਆਈ ਮਿਲੀ ੭ ਨਵੰਬਰ
ਪਾਤਸ਼ਾਹੀ ੭ ਜੋਤੀ ਜੋਤਿ ਸਮਾਏ ੮ ਨਵੰਬਰ — ਸ੍ਰੀਗੁਰੂਗ੍ਰੰਥ ਸਾਹਿਬ ਗੱਦੀ ਨੰਦੇੜ ੧੫ ਨਵੰਬਰ
ਪਾਤਸ਼ਾਹੀ ੧੦ ਜੋਤੀ ਜੋਤਿ ਸਮਾਏ ੧੯ ਨਵੰਬਰ — ਪਾਤਸ਼ਾਹੀ ੧ ਅਵਤਾਰ ਧਾਰਿਆ ੨੯ ਨਵੰਬਰ

ਦੀਵਾਲੀ ਤੇ ਸ਼ਹੀਦੀ ਬਾਬਾ ਦੀਪ ਸਿੰਘ ੧੩ ਨਵੰਬਰ

ਸੰਗਰਾਂਦ ਮਘਰ ੧੬ ਨਵੰਬਰ — ਮਸਿਆ ੧੩ ਨਵੰਬਰ — ਪੁੰਨਿਆ ੨੯ ਨਵੰਬਰ

ਜੀਊਲ ਫ਼ਾਈਨ ਪ੍ਰਿੰਟਰਜ਼, ਹਾਥੀਖ਼ਾਨਾ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।
ਟੈਲੀਫ਼ੋਨ ਨੰਬਰ 51847

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥


ਸਾਲਾਨਾ ਚੰਦਾ ਦੇਸ : ੬ ਰੁਪਏ
ਫ਼ੀ ਕਾਪੀ : ੬੦ ਪੈਸੇ






ਪਰਦੇਸ : ਸਮੁੰਦਰੀ ਡਾਕ ਇਕ ਪੌਂਡ
ਹਵਾਈ ਡਾਕ ਦੋ ਪੌਂਡ ਦਸ ਪੈਨਸ।



# ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੮ ੧ ਨਵੰਬਰ, ੧੯੭੪ ਅੰਕ ੧੧


## ਜ਼ਾਹਰ ਪੀਰ ਜਗਤੁ ਗੁਰ ਬਾਬਾ

ਸਤਿਗੁਰ ਸਚਾ ਪਾਤਿਸਾਹੁ, ਬੇਪਰਵਾਹੁ ਅਥਾਹੁ ਸਹਾਬਾ[1]॥
ਨਾਉ ਗਰੀਬ ਨਿਵਾਜੁ ਹੈ, ਬੇਮੁਹਤਾਜ [2]ਨ ਮੋਹੁ ਮੁਹਾਬਾ॥
ਬੇਸੁਮਾਰ ਨਿਰੰਕਾਰੁ ਹੈ, ਅਲਖ ਅਪਾਰੁ ਅਲਾਹੁ ਸਿਵਾਬਾ[3]॥
ਕਾਇਮੁ ਦਾਇਮੁ ਸਾਹਿਬੀ, ਹਾਜਰੁ ਨਾਜਰੁ ਵੇਦ ਕਿਤਾਬਾ॥
ਅਗਮੁ ਅਡੋਲੁ ਅਤੋਲੁ ਹੈ, ਤੋਲਣਹਾਰੁ ਨ ਡੰਡੀ ਛਾਬਾ॥
[4]ਇਕੁ ਛਤਿ ਰਾਜੁ ਕਮਾਂਵਦਾ, ਦੁਸ਼ਮਣੁ ਦੂਤੁ ਨ ਸੋਰ ਸਰਾਬਾ॥
[5]ਆਦਲੁ ਅਦਲੁ ਚਲਾਇਦਾ, ਜਾਲਮੁ ਜੁਲਮੁ [6]ਨ ਜੋਰ ਜਰਾਬਾ॥
ਜ਼ਾਹਰ ਪੀਰ ਜਗਤੁ ਗੁਰ ਬਾਬਾ ॥੩॥ [ਭਾਈ ਗੁਰਦਾਸ ਜੀ, ਵਾਰ ੨੪

੧. ਸਾਹਿਬ। ੨. ਮੋਹ ਵਿਚ ਨਹੀਂ ਫਸਦਾ। ੩. ਸਿਆਣੀਦਾ ਹੈ। ੪. ਇਕ-ਛੱਤਰ ਰਾਜ ਕਰਦਾ ਹੈ, ਭਾਵ ਹੋਰ ਕੋਈ ਦੂਸਰਾ ਰਾਜ ਨਹੀਂ। ੫. ਨਿਆਂਕਾਰੀ ਪਾਤਸ਼ਾਹ ਨਿਆਂ ਚਲਾਉਂਦਾ ਹੈ। ੬. ਕਿਸੇ ਨਾਲ ਜ਼ਬਰਦਸਤੀ ਜਾਂ ਵਧੀਕੀ ਨਹੀਂ ਹੁੰਦੀ।


ਐਡੀਟਰ : ਗਿਆਨੀ ਜਸਵੰਤ ਸਿੰਘ; ਬੀ. ਏ., ਬੀ. ਟੀ.



www.AKJ.Org

# ਸ੍ਰੀ ਗੁਰੂ ਨਾਨਕ-ਸੰਸਾਰ-ਸੁਧਾਰ

[ ਵਲੋਂ — ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਜਗਤ ਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਨੇ ਜਗਤ-ਉਧਾਰ ਰੂਪੀ ਜੋ ਸੰਸਾਰ-ਸੁਧਾਰ ਕੀਤਾ, ਉਸ ਦਾ ਆਦਰਸ਼ਕ ਔਜ ਬਹੁਤ ਉਚਾ ਅਤੇ 'ਊਚੀ ਹੂ ਊਚਾ ਆਪਾਰ' ਹੈ। ਜੇਤਾ ਜਗਤ ਸੰਸਾਰ ਹੈ, ਇਸ ਵਿਚ ਇਸ ਆਦਰਸ਼ਕ ਸੁਧਾਰ ਦੀ ਨਜ਼ੀਰ ਮਿਲਣੀ ਇਕ ਅਨਹੋਣੀ ਗੱਲ ਹੈ।

ਸੰਸਾਰੀਆਂ ਦੇ, ਸੰਸਾਰੀ ਜੀਵਾਂ ਦੇ ਆਤਮ-ਉਧਾਰ ਹੋਏ ਬਿਨਾਂ, ਸੰਸਾਰ ਦਾ ਸਾਰ (ਤਤ) ਸੁਧਾਰ ਹੋਣਾ ਇਕ ਓਪਰੀ ਅਤੇ ਪੋਲੀ ਜਿਹੀ ਗੱਲ ਹੈ। ਸੰਸਾਰ ਵਿਖੇ ਅਨੇਕਾਂ ਅਤੇ ਅਨਗਿਣਤ ਸੋਸ਼ਲ ਰੀਫ਼ਾਰਮਰ ਹੋਏ ਅਤੇ ਸੋਸ਼ਲ-ਸੁਧਾਰ ਦੀਆਂ ਬੇਅੰਤ ਸੁਸਾਇਟੀਆਂ ਕਾਇਮ ਹੋਈਆਂ, ਪਰ ਤਿਨ੍ਹਾਂ ਤੋਂ ਤਸੂ ਭਰ ਭੀ ਸੰਸਾਰ-ਸੁਧਾਰ ਨਾ ਹੋਇਆ। ਦਿਖਾਵੇ ਅਤੇ ਪਰਚਾਵੇ ਮਾਤਰ ਤਾਂ ਬਥੇਰੇ ਨਾਮ-ਧਰੀਕ ਸੰਸਾਰ-ਸੁਧਾਰ ਹੋਏ, ਪਰ ਇਹ ਨਿਰੇ ਭਰਮ-ਭੁਲਾਵੇ ਹੀ ਰਹੇ। ਤਤ-ਪਰਮਾਰਥੀ ਕਣ ਤੋਂ ਸੁੰਞਾ ਸੁਧਾਰ ਨਿਰਾ ਵਿਵਹਾਰ ਸੁਧਾਰ, ਸੋਸ਼ਲ ਸੁਧਾਰ ਯਾ ਮਾਰਲ ਸੁਧਾਰ ਇਕ ਫੋਕਟ ਅਤੇ ਥੋਥਰ ਤੁਖ-ਸੁਧਾਰ ਹੈ, ਜੋ ਸਿਰੇ ਨਹੀਂ ਚੜ੍ਹਦਾ, ਨਾ ਉਸ ਤੋਂ ਕੁਛ ਸੌਰਦਾ ਹੈ।

ਆਤਮ-ਕਣੀ ਤੋਂ ਸੁੰਞੇ ਅਤੇ ਤਤ-ਪਰਮਾਰਥਾਂ ਤੋਂ ਘੁਥੇ ਰੀਫ਼ਾਰਮਰ ਨਿਰਾ ਨੀਰ ਹੀ ਵਿਰੋਲਦੇ ਰਹਿ ਜਾਂਦੇ ਹਨ। ਤਿਨ੍ਹਾਂ ਦਾ ਸੋਸ਼ਲ-ਸੁਧਾਰ ਵਾਲਾ ਚਾਉ ਹਉਮੈ ਤੋਂ ਉਪੰਨਾ ਹੀ ਹੁੰਦਾਂ ਹੈ ਅਤੇ ਹਉਮੈ ਵਿਚ ਹੀ ਜਾਇ ਸਮਾਉਂਦਾ ਹੈ। ਹਉਮੈ ਨੂੰ, ਆਪੇ ਨੂੰ ਪਰਬੋਧੇ ਬਿਨਾਂ, ਅਰਥਾਤ ਆਪਣਾ ਆਪ ਸੁਧਾਰੇ ਬਿਨਾਂ ਲੋਕਾਂ ਦੇ ਸੁਧਾਰ ਦੀ ਡੀਂਗ ਮਾਰਨਾ ਨਿਰਾ ਕੱਚਾ ਚਾਉ ਅਤੇ ਹੋਛੀ ਹਮਾਕਤ ਹੈ। ਹਉਮੈ ਰੂਪੀ ਰੋਗ ਵਿਚ ਗ੍ਰਸਿਆ ਹੋਇਆ ਸੰਸਾਰੀ ਜੀਵ, ਸੰਸਾਰ ਦਾ ਕੀ ਖ਼ਾਕ ਉਧਾਰ ਕਰ ਸਕਦਾ ਹੈ?

ਇਸ ਹਉਮੈ ਦੀਰਘ ਰੋਗ ਦਾ ਰਞਾਣਿਆ ਹੋਇਆ ਸਾਰਾ ਸੰਸਾਰ ਹੀ ਰੋਗੀ ਹੋ ਰਹਿਆ ਸੀ ਕਿ ਸੱਚੇ ਵੈਦ ਸ੍ਰੀ ਗੁਰੁ ਨਾਨਕ ਦੇਵ ਜੀ ਨੇ 'ਸੰਸਾਰ ਰੋਗੀ' ਲਈ 'ਨਾਮ ਦਾਰੂ' ਲਿਆਂਦਾ ਅਤੇ ਧੁਰ ਦਰਗਾਹੋਂ 'ਬਾਰਗਾਹੇ ਏਜ਼ਦੀ' ਤੋਂ ਲਿਆਂਦਾ, ਹਾਂ ਜੀ! ਨਾਮ-ਦਾਰੂ, ਨਾਮ-ਅੰਮ੍ਰਿਤ, ਨਾਮ ਰੂਪੀ ਆਬੇ ਹਯਾਤ ਲਿਆਂਦਾ। ਜਿਸ ਹਯਾਤਿ-ਅਬਦੀ ਬਖ਼ਸ਼ਨਹਾਰੇ ਅੰਮ੍ਰਿਤ ਨੂੰ ਸੁਰ ਨਰ ਮੁਨ ਜਨ ਲੋਚਦੇ ਰਹੇ ' ਸੋ ਅੰਮ੍ਰਿਤ ਗੁਰ ਤੇ ਪਾਇਆ, ਹਾਂ ਜੀ! ਗੁਰ ਨਾਨਕੁ ਸਤਿਗੁਰੂ ਤੋਂ ਪਾਇਆ। ਸੋ ਅੰਮ੍ਰਿਤ ਰੂਪੀ ਦਾਰੂ ਸਚਾ ਵੈਦ ਗੁਰੂ ਨਾਨਕ ਸਚਾ ਪਾਤਸ਼ਾਹ ਹੀ ਸੰਸਾਰ ਰੋਗੀ ਵਾਸਤੇ ਲਿਆਇਆ। ਜਿਨ੍ਹਾਂ ਨੇ ਇਹ ਅੰਮ੍ਰਿਤ-ਅਉਖਧੀ ਸੰਜੀਵਨੀ ਰੂਪ ਨਾਮ-ਪਿਆਲਾ ਪੀਤਾ, ਤਿਨ੍ਹਾਂ ਦੇ, ਹਾਂ ਜੀ! ਕੇਵਲ ਤਿਨ੍ਹਾਂ ਦੇ ਹਉਮੈ-ਰੋਗ ਅਤੇ ਹਉਮੈ ਤੋਂ ਉਪੰਨੇ ਸਗਲੇ ਰੋਗ ਕਟੇ ਗਏ। ਤਿਨ੍ਹਾਂ ਦਾ ਆਪਾ ਪਰਬੋਧਿਆ ਗਿਆ। ਸੇਈ ਸੱਚੇ ਪਰਉਪਕਾਰੀ ਬਣੇ। ਨਾਮ ਦੁਆਰਾ ਆਪਾ ਪਰਬੋਧੇ ਬਿਨਾਂ, ਨਾਮ ਦੀ ਜੀਵਨ-ਕਣੀ ਦੁਆਰਾ ਜੀਵਨ ਸੁਧਾਰੇ ਬਿਨਾਂ, ਪਰਉਪਕਾਰ ਹੋਣਾ ਅਤੀ ਅਸੰਭਵ ਹੈ।

ਅਜਿਹੇ ਜੀਵਨ-ਪਰਬੋਧਕੀ ਪਰਉਪਕਾਰੀ ਜਨਾਂ ਬਾਝੋਂ ਸੰਸਾਰ ਦਾ ਸੁਧਾਰ ਕੋਈ ਨਹੀਂ ਕਰ ਸਕਦਾ, ਆਤਮ-ਕਣੀ ਵਾਲੇ ਨਾਮ-ਰੱਤੜੇ ਪਰਉਪਕਾਰ-ਉਮਾਹੀ ਜਨ ਹੀ ਜਗਤ-ਉਧਾਰ, ਸੰਸਾਰ ਦਾ ਸੱਚਾ ਸੁਧਾਰ ਕਰ ਸਕਦੇ ਹਨ। ਨਾਮ-ਸ਼ੂਨ ਜਨਾਂ ਦਾ ਜੇਤਾ ਬਿਉਹਾਰ ਕਾਰ ਹੈ 'ਸਭ ਹਉਮੈ ਬਫਰ ਬਫਾਉ' ਵਾਲਾ ਮਿਰਤਕ ਮਿਥਿਆ ਸੀਂਗਾਰ ਹੈ। ਯਥਾ ਗੁਰਵਾਕ—

ਨਾਮ ਬਿਨਾ ਜੇਤਾ ਬਿਉਹਾਰੁ ॥ ਜਿਉ ਮਿਰਤਕ<br>
ਮਿਥਿਆ ਸੀਗਾਰੁ ॥ [ਗਉੜੀ ਮ: ੫, ਪੰਨਾ ੨੫੦

ਅਤੇ ਨਾਮ-ਰੱਤੜੇ ਜਨਾਂ ਦੇ ਕਾਰਜ, ਕਰਮ ਧਰਮ ਸਭ ਪਵਿਤਰ ਅਤੇ ਪਤਿ-ਪਰਵਾਨ ਸੁਲੇਖੇ ਵਾਲੇ ਹੁੰਦੇ ਹਨ। ਯਥਾ ਗੁਰਵਾਕ—

ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ,<br>
ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ ॥<br>
[ਸੋਰਠ ਕੀ ਵਾਰ ਮ: ੪, ਪੰਨਾ ੬੪੮

ਭਰਮ-ਭੂਲੇ ਲੋਗ ਨਾਮ-ਭਜਨੀਕ ਪੁਰਖਾਂ ਦੇ



www.AKJ.Org

ਪੁਰਖਤੱਵ ਨੂੰ ਸਮਝ ਹੀ ਨਹੀਂ ਸਕਦੇ । ਸੰਸਾਰ-ਸੁਧਾਰ ਅਤੇ ਦੇਸ-ਉਪਕਾਰ ਦੇ ਠੇਕੇਦਾਰ ਬਣਿ ਬਣਿ ਬੈਠਣ ਵਾਲੇ ਬਫਣ-ਬਫੀਣੇ ਲੋਗ ਓਦੋਂ ਤਾਈਂ ਹੀ ਦੇਸ਼ ਕੌਮ ਦਾ ਕੰਮ ਕਰਨਗੇ ਜਦੋਂ ਤਾਈਂ ਓਹਨਾਂ ਦੀ ਹਉਮੈ ਨੂੰ ਪੱਠੇ ਪੈਂਦੇ ਰਹਿਣਗੇ, ਜਦੋਂ ਤਾਈਂ ਓਹਨਾਂ ਦੀ ਮਾਨ-ਮਨੌਤੀ ਹੁੰਦੀ ਰਹੇਗੀ। ਜਦੋਂ ਵੀ ਏਸ ਮਾਨ-ਮਨੌਤੀ ਦੇ ਪੱਠੇ ਪੈਣੇ ਬੰਦ ਹੋ ਗਏ, ਬਸ ਓਦੋਂ ਹੀ ਓਹਨਾਂ ਦਾ ਸੰਸਾਰ-ਸੁਧਾਰ ਸੁਪਨ ਵਤ ਛਾਈਂ ਮਾਈਂ ਹੋ ਜਾਂਦਾ ਹੈ ।

ਗੁਰ ਨਾਨਕ-ਸੰਸਾਰ-ਸੁਧਾਰ ਆਦਰਸ਼ ਦੇ ਉਪ-ਕਾਰੀ ਜਨ, ਸੇਵਾ-ਉਪਕਾਰ ਨੂੰ ਹੁਕਮ ਰਜ਼ਾ ਦੇ ਅਨੁਸਾਰੀ ਹੋ ਕੇ, ਸੇਵਾ ਪ੍ਰਾਇਣੀ ਉਪਕਾਰ-ਆਸ਼ਕ ਬਣ ਕੇ ਅਤੇ ਨਿਰਮਾਣਤਾ ਵਿਚ ਲੀਨ ਹੋ ਕੇ ਕਰਨਗੇ । ਯਥਾ ਗੁਰਵਾਕ—

ਸੇਵਕ ਕਉ ਸੇਵਾ ਬਨਿ ਆਈ ॥
ਹੁਕਮੁ ਬੂਝਿ ਪਰਮ ਪਦੁ ਪਾਈ ॥

ਉਨ੍ਹਾਂ ਨੂੰ ਸੰਸਾਰ ਦੀ ਉਸਤਤਿ ਵਡਿਆਈ ਦੇ ਗਾਹਕ ਹੋਣ ਵਾਲਾ ਚਸਕਾ ਨਹੀਂ ਹੁੰਦਾ । ਬਲਕਿ ਓਹ—

ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ
ਜਾਰਿ ॥ ਕੋਈ ਭਲਾ ਕਹਉ ਭਾਵੈ ਬੁਰਾ ਕਹਉ,
ਹਮ ਤਨ ਦੀਓ ਹੈ ਢਾਰਿ ॥

[ਦੇਵਗੰਧਾਰੀ ਮ: ੪, ਪੰਨਾ ੫੨੮

ਵਾਲੇ ਗੁਰ-ਫ਼ੁਰਮਾਨ ਉਤੇ ਅਮਲ ਕਰਦੇ ਹਨ । ਤਾਂ ਤੇ ਓਹਨਾਂ ਨੂੰ ਨਿਸ਼ਕਾਮ ਸੇਵਾ, ਉਪਕਾਰ ਦਾ ਉਮਾਹ ਨਿਸ ਬਾਸਰ ਹੀ ਬਣਿਆ ਰਹਿੰਦਾ ਹੈ, ਓਹਨਾਂ ਤੋਂ ਸੁਤੇ ਸੁਭਾਵ ਹੀ ਜੋ ਕੰਮ ਹੁੰਦੇ ਹਨ, ਸੇਵਾ ਉਪਕਾਰ ਵਾਲੇ ਹੁੰਦੇ ਹਨ । ਅਤੇ ਇਸ ਸੇਵਾ ਉਪਕਾਰ ਵਿਚ ਹੀ ਸੰਸਾਰ ਦਾ ਉਧਾਰ ਅਤੇ ਸਭਨਾਂ ਦਾ ਸੁਧਾਰ ਹੈ । ਨਾਮ ਦੀ ਕਮਾਈ ਬਿਨਾਂ ਸੰਸਾਰ-ਸੁਧਾਰ ਵਾਲੀਆਂ ਬਿਵਹਾਰ ਸੁਧਾਰ, ਆਚਾਰ ਸੁਧਾਰ, ਸੇਵਾ ਉਪਕਾਰ ਦੀਆਂ ਭਾਵੇਂ ਕਿਤਨੀਆਂ ਹੀ ਸਭਾ ਸੁਸਾਇਟੀਆਂ ਬਣਦੀਆਂ ਫਿਰਨ, ਸਭ ਹਉਮੈ ਦਾ ਹੀ ਪਸਾਰਾ ਹੈ । ਆਤਮ-ਅਨੰਦ ਦੀ ਰਸ-ਜੋਤਿ-ਕਣੀ ਤੋਂ ਸਖਣੇ ਘਟਾਂ ਵਾਲੇ ਮਾਹਣੂਆਂ ਤੋਂ ਪਰਸੁਆਰਥੀ ਕੰਮ ਹੋ ਹੀ ਨਹੀਂ ਸਕਦੇ, ਨਾ ਸਿਰੇ ਚੜ੍ਹ ਸਕਦੇ ਹਨ । ਨਿਜ ਸੁਆਰਥਾਂ ਦੇ ਧੰਧ ਬੰਧ ਵਿਚ ਹੀ ਨਿਸ ਦਿਨ ਲਥ ਪਥ ਰਹਿੰਦੇ ਹਨ । ਪਰ-ਸੁਆਰਥ ਅਤੇ ਦੇਸ਼ ਕੌਮ ਦੀ ਸੇਵਾ ਦੀ ਸਾਂਝ ਭੀ ਓਦੋਂ ਤਾਈਂ ਰਖਣਗੇ ਜਦ ਤਾਈਂ ਕਿ ਓਸ ਵਿਚ ਓਹਨਾਂ ਦਾ ਨਿਜ ਸੁਆਉ ਸੁਆਰਥ ਬਣਿ ਆਉਂਦਾ ਹੈ, ਅਤੇ ਜਿਤ ਦਿਨ ਓਹਨਾਂ ਦਾ ਨਿਜ ਸੁਆਉ ਸੁਆਰਥ ਨਹੀਂ ਬਣ ਆਵੰਦਾ, ਤਿਤ ਦਿਨ ਕੋਈ ਨੇੜੇ ਨਹੀਂ ਢੁਕਦਾ ਅਤੇ ਪਰਉਪਕਾਰ ਦੇ ਰਾਹ ਨਹੀਂ ਜਾਂਦਾ । ਯਥਾ ਗੁਰੋਵਾਕ—

ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ
ਮਨ ਮੇਰੇ, ਤੇ ਸਭਿ ਅਪਨੈ ਸੁਆਇ ਮਿਲਾਸਾ ॥
ਜਿਤੁ ਦਿਨਿ ਉਨ੍ ਕਾ ਸੁਆਉ ਹੋਇ ਨ ਆਵੈ,
ਤਿਤੁ ਦਿਨਿ ਨੇੜੈ ਕੋ ਨ ਢੁਕਾਸਾ ॥

[ਗੋਂਡ ਮ: ੪, ਪੰਨਾ ੮੬੦

ਗੁਰ ਨਾਨਕ ਉਪਕਾਰ ਸੰਸਾਰ-ਸੁਧਾਰ ਆਦਰਸ਼ੋਂ ਊਰੀ ਮਗਰਬੀ ਦੁਨੀਆ ਦੇ ਸਾਰੇ ਦੇਸ਼ ਆਪਸ ਵਿਚੀਂ ਖਹਿ ਖਹਿ ਮਰ ਰਹੇ ਹਨ। ਇਹਨਾਂ ਬਾਂਸ ਬਡਾਈ ਬੂਡਿਆਂ ਨੂੰ ਸੋਸ਼ਲ-ਸੁਧਾਰ ਦਾ ਅਜੇ ਮੁਸ਼ਕ ਨਹੀਂ ਆਇਆ। ਆਪੋ ਆਪਣੇ ਦੇਸ਼ ਦੇ ਸੁਧਾਰ ਹੰਕਾਰ ਨਾਲ ਐਵੇਂ ਹੀ ਸੰਧੂਰੇ ਫਿਰਦੇ ਹਨ ਅਤੇ ਓਹਨਾਂ ਦੀ ਰੀਸੇ, ਮਗਰਬੀ ਤਹਿਜ਼ੀਬ ਸੁਧਾਰ ਦੇ ਕੁੱਠੇ ਹੋਏ ਭਾਰਤ-ਵਰਤੀ ਦੇਸ਼-ਸੇਵਾ ਦੇ ਸੁਆਂਗ ਰਚ ਰਚ ਖੁਆਰ ਹੋ ਰਹੇ ਹਨ । ਸਭ ਤੋਂ ਸ਼ੋਕ ਵਾਲੀ ਗੱਲ ਤਾਂ ਇਹ ਹੈ ਕਿ ਸਤਿਗੁਰ ਨਾਨਕ ਸਾਹਿਬ ਦੇ ਨਾਮ-ਧਰੀਕ ਸਿਖ ਭੀ ਤਿਨ੍ਹਾਂ ਪਿਛੇ ਹੀ ਭਰਮ ਭਰਮ ਕੇ ਧੰਦ ਪਿਟ ਰਹੇ ਅਤੇ ਕੂੜ ਕਮਾ ਰਹੇ ਹਨ । ਕੇਵਲ ਸਤਿਗੁਰ ਨਾਨਕ ਦੇਵ ਦੇ ਪਰਉਪਕਾਰ-ਆਦਰਸ਼ ਪੂਰਨਿਆਂ ਉਤੇ ਚਲ ਕੇ ਹੀ ਸੱਚਾ ਸੁਧਾਰ ਹੋ ਸਕਦਾ ਹੈ । ਸਭਾ ਸੁਸਾਇਟੀ ਦਾ ਸੁਧਾਰ ਸਮਝ ਲਵੋ, ਚਾਹੇ ਬਿਵਹਾਰਕ ਅਤੇ ਆਚਾਰ ਦਾ ਸੁਧਾਰ ਸਮਝ ਲਵੋ; ਸਵਾਲ ਪੈਦਾ ਹੁੰਦਾ ਹੈ ਕਿ ਅਸੀਂ ਗੁਰੂ ਨਾਨਕ ਸਾਹਿਬ ਦੇ ਸਿਖ ਸਦਵਾ ਕੇ ਇਸ ਆਦਰਸ਼ਕ ਸੁਧਾਰ ਉਪਕਾਰ ਤੋਂ ਕਿਉਂ ਵਾਂਝੇ ਹੋਏ ਹਾਂ ? ਇਸ ਦਾ ਸਪੱਸ਼ਟ ਉਤਰ ਇਹ ਹੈ ਕਿ ਅਸੀਂ ਸਤਿਗੁਰ ਨਾਨਕ ਦੇਵ ਦੇ ਹੁਕਮਾਂ ਦੀ ਤਾਮੀਲ, ਸਤਿਗੁਰ ਬਚਨਾਂ ਦੀ ਕਮਾਈ ਨਹੀਂ ਕਰਦੇ । ਸਤਿਗੁਰ ਨਾਨਕ ਸਾਹਿਬ ਦਾ ਹੁਕਮਾਂ ਸਿਰ ਹੁਕਮ—

ਏਕੋ ਨਾਮੁ ਹੁਕਮੁ ਹੈ, ਨਾਨਕ ਸਤਿਗੁਰਿ ਦੀਆ
ਬੁਝਾਇ ਜੀਉ ॥੫॥ [ਸਿਰੀ ਰਾਗ ਮ: ੧, ਪੰਨਾ ੭੨



www.AKJ.Org

ਇਸ ਹੁਕਮ ਨੂੰ ਅਸੀਂ ਸਤਿਗੁਰੂ ਦੇ ਸਿਖ ਸਦਾਵਣ ਵਾਲੇ ਸਮੂਹ ਸਜਨ ਕੰਨੋ ਮੁਢੀ ਮਾਰ ਛਡਦੇ ਹਾਂ। ਅਸਾਡੀ ਇਸ ਹੁਕਮ ਉਪਰ ਸ਼ਰਧਾ ਹੀ ਨਹੀਂ ਆਉਂਦੀ। ਜੋ ਜੋ ਸਿਖ ਬਹੁਤਾ ਵਿਦਵਾਨ ਸਦਾਉਂਦਾ ਹੈ ਅਤੇ ਮਗਰਬੀ ਸਹਸ-ਸਿਆਣਪੀ ਸਾਇੰਸ ਫ਼ਿਲਾਸਫ਼ੀ ਦਾ ਮੁਠਿਆ ਹੋਇਆ ਹੈ ਸੋ ਇਸ ਨਾਮ-ਪਦਾਰਥ ਤੋਂ ਬਹੁਤ ਅਸ਼ਰਧਕ ਹੈ, ਉਹ ਨਾਮ ਜਪਣ ਨੂੰ ਅਤੇ ਗੁਰਬਾਣੀ ਪੜ੍ਹਨ ਨੂੰ ਐਵੇਂ ਫ਼ਾਲਤੂ ਮੂੰਹ ਮਾਰਨਾ ਹੀ ਦਸਦਾ ਹੈ। ਹਾਲਾਂਕਿ ਸ੍ਰੀ ਗੁਰੂ ਸਾਹਿਬ ਦੀ ਸਮੱਗਰ ਬਾਣੀ ਪੁਕਾਰ ਪੁਕਾਰ ਕੇ ਤੁਕ ਤੁਕ ਅੰਦਰ ਇਹੋ ਉਪਦੇਸ਼ ਦੇ ਰਹੀ ਹੈ ਕਿ "ਨਾਮ ਜਪੋ, ਨਾਮ ਜਪੋ"। ਪਰੰਤੂ ਬਹੁਤ ਅਕਲਈਆਂ ਦੀ ਅਕਲ ਇਥੇ ਗੋਤਾ ਖਾ ਜਾਂਦੀ ਹੈ। ਸਾਰੀ ਬਾਣੀ ਨੂੰ ਪੜ੍ਹ ਸੁਣ ਕੇ ਐਵੇਂ ਉਪਰ ਦੀ ਉਲੰਘ ਜਾਂਦੇ ਹਨ। ਨਾਮ ਵਾਲੀ ਗੱਲ ਓਹਨਾਂ ਨੂੰ ਪੋਂਹਦੀ ਹੀ ਨਹੀਂ, ਹਾਲਾਂਕਿ ਗੁਰੂ ਨਾਨਕ ਸਾਹਿਬ ਨੇ ਫ਼ੁਰਮਾਇਆ ਹੈ ਕਿ—

ਨਾਨਕ ਲੇਖੈ ਇਕ ਗਲ, ਹੋਰੁ ਹਉਮੈ ਝਖਣਾ
ਝਾਖ ॥ [ਆਸਾ ਦੀ ਵਾਰ, ਪੰਨਾ ੪੬੭

ਉਹਨਾਂ ਨੂੰ ਇਸ ਹੁਕਮ ਉਤੇ ਯਕੀਨ ਨਹੀਂ, ਸ਼ਰਧਾ ਭਰੋਸਾ ਨਹੀਂ। ਜੋ ਇਸ ਹੁਕਮ ਤੋਂ ਮੁਨਹਰਫ਼ ਹਨ, ਕੀ ਉਹ ਸਿਖ ਸਦਾਉਣ ਦੇ ਅਧਿਕਾਰੀ ਹਨ? ਗੁਰੂ ਪੰਥ ਵਿਚ ਜਿਤਨੇ ਭੀ ਉਪਕਾਰੀ ਜੋਧੇ ਸੂਰਮੇ ਗੁਰਮੁਖ ਜਨ ਹੋਏ ਹਨ, ਸੋ ਸਭ ਨਾਮ ਦੇ ਅਭਿਆਸੀ ਅਤੇ ਨਾਮ ਦੇ ਤੁਫ਼ੈਲ ਆਤਮ-ਕਲਾ ਸੰਪੰਨ ਕਲਾਧਾਰੀ ਭਜਨੀਕ ਪੁਰਸ਼ ਹੀ ਹੋਏ ਹਨ।

ਤ੍ਰਿਸ਼ਨਾ, ਬਦੀ, ਬਖ਼ੀਲੀ, ਖ਼ੁਦੀ, ਤਕੱਬਰੀ ਦੀ ਅਗਨਿ ਵਿਚ ਜਲੰਦੇ ਸੰਸਾਰ ਨੂੰ ਗੁਰੂ ਨਾਨਕ ਦੇਵ ਜੀ ਨੇ ਨਾਮ ਦੀ ਅੰਮ੍ਰਿਤ-ਅਉਖਧੀ ਦੇ ਕੇ ਉਭਾਰਿਆ। ਜੋ ਜੋ ਸੰਸਾਰੀ ਜੰਤ ਇਸ ਨਾਮ-ਤਾਰ ਵਿਚ ਪ੍ਰੋਤੇ ਗਏ, ਸੋ ਸਭ ਸੰਸਾਰੀਓਂ ਨਿਰੰਕਾਰੀ ਬਣ ਗਏ। ਐਸੇ ਨਿਰੰਕਾਰੀ ਗੁਰਮੁਖ ਜਨਾਂ ਦਾ ਪੁੰਜ ਹੀ ਸਚਾ ਪਰਉਪਕਾਰੀ ਬਣ ਸਕਦਾ ਹੈ। ਨਾਮ-ਤਾਰ ਪ੍ਰੋਤੇ ਨਿਰੰਕਾਰੀ ਜਨਾਂ ਅੰਦਰ ਹੀ ਪ੍ਰਸਪਰ ਸਚੇ ਇਤਫਾਕ ਦੀ ਚੰਦਨ-ਮਹਿਕ ਪਰਵੇਸ਼ ਕਰ ਸਕਦੀ ਹੈ।

ਸੋ, ਗੁਰ ਨਾਨਕ ਨਿਰੰਕਾਰੀ ਦੇ ਪਰਉਪਕਾਰੀ ਆਦਰਸ਼ੀ ਹੁਕਮਾਂ ਉਤੇ ਚਲਣ ਵਾਲੇ ਚਈਲੇ ਜਨਾਂ ਦਾ ਮੁਖ ਧਰਮ ਇਹ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੇ ਦ੍ਰਿੜ੍ਹਾਏ ਮੁਖ ਹੁਕਮ ਨਾਮ-ਅੰਮ੍ਰਿਤ ਨੂੰ ਗਹਿ ਕਰਕੇ ਕਮਾਉਣ।

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥
[ਸੁਖਮਨੀ ਸਾਹਿਬ, ਪੰਨਾ ੨੬੬

ਨਾਮ-ਜਪ ਰੂਪੀ ਨਿਰਮਲ ਕਰਮੁ ਕਰਦਿਆਂ ਹੋਇਆਂ ਸੁਤੇ ਸਿਧ ਅਤੇ ਸਹਿਜ ਸੁਭਾਵ ਹੀ ਬਿਵਹਾਰ ਅਤੇ ਪਰਮਾਰਥ ਦੇ ਸਾਰੇ ਕਾਰਜ ਰਾਸ ਆ ਜਾਵੰਦੇ ਹਨ। ਤਾਂ ਤੇ 'ਗੁਰੂ ਨਾਨਕ-ਸੰਸਾਰ-ਸੁਧਾਰ' ਦਾ ਆਦਰਸ਼ ਅਤੀ ਅਸਚਰਜ ਅਤੇ ਵਿਲੱਖਣ ਹੈ, ਨਾਮ ਸੰਗਿ ਬਿਉਹਾਰ ਅਭਿਆਸ ਭਜਨ ਰੂਪੀ ਬਿਉਹਾਰ ਕਰਨ ਨਾਲ ਸਾਰੇ ਕਾਰਜ ਸੰਸਾਰਕ ਅਤੇ ਪਰਮਾਰਥਕ ਸਹਿਜੇ ਹੀ ਸੌਰ ਜਾਂਦੇ ਹਨ। ਯਥਾ ਗੁਰਵਾਕ—

ਨਾਮ ਸੰਗਿ ਕੀਨੋ ਬਿਉਹਾਰੁ ॥ ਨਾਮੋ ਹੀ ਇਸੁ
ਮਨ ਕਾ ਅਧਾਰੁ ॥ ਨਾਮੋ ਹੀ ਚਿਤਿ ਕੀਨੀ ਓਟ ॥
ਨਾਮੁ ਜਪਤ ਮਿਟਹਿ ਪਾਪ ਕੋਟਿ ॥੧॥ ਰਾਸਿ
ਦੀਈ ਹਰਿ ਏਕੋ ਨਾਮੁ ॥ ਮਨ ਕਾ ਇਸਟੁ ਗੁਰ
ਸੰਗਿ ਧਿਆਨੁ ॥੧॥ਰਹਾਉ॥ ਨਾਮੁ ਹਮਾਰੇ ਜੀਅ
ਕੀ ਰਾਸਿ ॥ ਨਾਮੋ ਸੰਗੀ ਜਤ ਕਤ ਜਾਤ ॥
ਨਾਮੋ ਹੀ ਮਨਿ ਲਾਗਾ ਮੀਠਾ ॥ ਜਲਿ ਥਲਿ
ਸਭ ਮਹਿ ਨਾਮੋ ਡੀਠਾ ॥੨॥ ਨਾਮੇ ਦਰਗਹ
ਮੁਖ ਉਜਲੇ ॥ ਨਾਮੇ ਸਗਲੇ ਕੁਲ ਉਧਰੇ ॥
ਨਾਮਿ ਹਮਾਰੇ ਕਾਰਜ ਸੀਧ ॥ ਨਾਮ ਸੰਗਿ ਇਹੁ
ਮਨੂਆ ਗੀਧ ॥੩॥ ਨਾਮੇ ਹੀ ਹਮ ਨਿਰਭਉ
ਭਏ ॥ ਨਾਮੇ ਆਵਨ ਜਾਵਨ ਰਹੇ ॥ ਗੁਰਿ
ਪੂਰੈ ਮੇਲੇ ਗੁਣਤਾਸ ॥ ਕਹੁ ਨਾਨਕ ਸੁਖਿ ਸਹਜਿ
ਨਿਵਾਸੁ ॥੪॥੨॥੪॥ [ਗੋਂਡ ਮਹਲਾ ੫, ਪੰਨਾ ੮੬੩

[ਪੁਸਤਕ 'ਗੁਰਮਤਿ ਲੇਖ' ਵਿਚੋਂ]



www.AKJ.Org

# ਗੁਰੂ ਨਾਨਕ ਦੇਵ ਜੀ ਦੀ ਪ੍ਰਤਿਭਾ

[ ਵਲੋਂ : ਸ: ਸੇਵਾ ਸਿੰਘ ਜੀ 'ਸੇਵਕ', ਤਰਨ ਤਾਰਨ ]

ਜੁਗਾਂ ਦੀਆਂ ਚਉਕੜੀਆਂ ਦੀ ਅਦਲਾ ਬਦਲੀ ਬਾਰੇ ਵਿਚਾਰਵਾਨ ਇਹ ਗੱਲ ਦਸਦੇ ਹਨ ਕਿ ਕਲਜੁਗ ਵਿਚ ਧਰਮ ਰੂਪੀ ਬਲਦ ਦੀ ਇੱਕੋ ਲੱਤ ਰਹਿ ਜਾਂਦੀ ਹੈ। ਧਰਤੀ ਦਾ ਭਾਰ ਪਾਪਾਂ ਦੇ ਬੋਝ ਨਾਲ ਇੰਨਾ ਵਧ ਜਾਂਦਾ ਹੈ ਕਿ ਧਰਮ-ਧੌਲ ਦਾ ਅੜਾਟ ਨਿਕਲ ਜਾਂਦਾ ਹੈ। 'ਪਾਪ ਗਰਾਸੀ ਪ੍ਰਿਥਵੀ' ਦੇ ਅਝੱਲ ਭਾਰ ਤੋਂ ਆਤੁਰ ਹੋ ਕੇ ਧਰਮ-ਧੌਲ ਅਕਾਲ ਪੁਰਖ ਅੱਗੇ ਪੁਕਾਰ ਕਰਦਾ ਹੈ। ਵਾਹਿਗੁਰੂ ਜੀ ਕਿਸੇ ਮਹਾਂ ਪੁਰਸ਼ ਨੂੰ ਭੇਜਦੇ ਹਨ ਜੋ ਆਪਣੇ ਵਿਚਾਰਾਂ ਤੇ ਕਰਤਵਾਂ ਨਾਲ ਦੁਨੀਆ ਤੋਂ ਪਾਪਾਂ ਦਾ ਬੋਝ ਉਤਾਰਦਾ ਹੈ।

ਕਲਜੁਗ ਦੀ ਵਰਤਮਾਨ ਫੇਰੀ ਵਿਚ ਵੀ ਅਜ ਤੋਂ ਪੰਜ ਸੌ ਸਾਲ ਪਹਿਲਾਂ ਦੁਨੀਆ ਦੀ ਅਜਿਹੀ ਦਸ਼ਾ ਹੋ ਰਹੀ ਸੀ ਕਿ ਰਾਜਾ ਤੋਂ ਲੈ ਕੇ ਰੰਕ ਤਕ, ਆਸਤਕ ਤੋਂ ਲੈ ਕੇ ਨਾਸਤਕ ਤਕ, ਵਿਦਵਾਨ ਤੋਂ ਲੈ ਕੇ ਓਮੀ ਤਕ ਤੇ ਉੱਚ ਜਾਤੀ ਤੋਂ ਲੈ ਨੀਵੀਂ ਜਾਤ ਤਕ, ਸਭ ਆਪੋ ਆਪਣੇ ਧਰਮ ਅਥਵਾ ਫ਼ਰਜ਼ ਨੂੰ ਛੱਡ ਕੇ ਪਾਪ, ਅਤਿਆਚਾਰ, ਕੁਕਰਮ ਤੇ ਭਰਿਸ਼ਟਾਚਾਰ ਵਿਚ ਲਗ ਰਹੇ ਹਨ।

ਭਾਈ ਗੁਰਦਾਸ ਜੀ ਦੇ ਉਸ ਸਮੇਂ ਦੇ ਖਿੱਚੇ ਨਕਸ਼ੇ ਦੀ ਵੰਨਗੀ ਇਸ ਪਰਕਾਰ ਹੈ :—

> ਕਲਿ ਆਈ ਕੁਤੇ ਮੁਹੀ, ਖਾਜੁ ਹੋਆ ਮੁਰਦਾਰੁ ਗੁਸਾਈ। ਰਾਜੇ ਪਾਪ ਕਮਾਵਦੇ, ਉਲਟੀ ਵਾੜ ਖੇਤ ਕਉ ਖਾਈ।

ਅੱਡ ਅੱਡ ਧਰਮਾਂ ਦੇ ਲੋਕ, ਇਕ ਅਕਾਲ ਪੁਰਖ ਦੀ ਅਰਾਧਨਾ ਛਡ ਕੇ ਮਾਇਆ ਦੇ ਅਨੇਕ-ਚਿੰਤਨ ਵਿਚ ਫੱਸੇ ਹੋਏ ਦੁਖੀ ਹੋ ਰਹੇ ਸਨ। ਵਾਹਿਗੁਰੂ ਜੀ ਨੇ ਦੁਨੀਆ ਦੀ ਇਸ ਦੀਨ-ਹੀਨ ਦਸ਼ਾ ਉੱਤੇ ਤਰਸ ਖਾ ਕੇ, ਸੰਸਾਰੀ ਜੀਵਾਂ ਨੂੰ ਉਨ੍ਹਾਂ ਦਾ ਅਸਲਾ, ਮੂਲ ਰੂਪ ਪਰਮਾਤਮਾ ਤੋਂ ਨਿਸਚੇ ਕਰਾਉਣ ਤੇ ਏਕ ਚਿੰਤਨ ਵਲ ਲਾਉਣ ਲਈ ਕਲਜੁਗ ਦੇ ਅਵਤਾਰ ਸਤਿਗੁਰ ਨਾਨਕ ਦੇਵ ਜੀ ਨੂੰ ਭੇਜਿਆ। ਧਰਮ-ਧੌਲ ਦੇ ਚਾਰੇ ਪੈਰ ਪੂਰੇ ਕਰ ਦਿਤੇ ਤੇ ਚਹੁੰ ਵਰਣਾਂ ਦਾ ਭੇਦ-ਭਾਵ ਮਿਟਾ ਕੇ ਆਦਰਸ਼ਕ ਮਨੁੱਖਤਾ ਦਾ ਇਕੋ ਵਰਣ ਕਾਇਮ ਕਰ ਦਿਤਾ। ਗੁਰੂ ਨਾਨਕ ਜੀ ਜਿਹੇ ਸੁਯੋਗ ਮਾਂਦਰੀ ਨੇ ਸਤਿਨਾਮ ਦਾ ਅਜਿਹਾ ਮੰਤ੍ਰ ਫੂਕਿਆ ਕਿ ਦੁਨੀਆ ਦੀ ਕਾਇਆ ਹੀ ਪੱਲਟ ਦਿਤੀ। ਜਿਵੇਂ ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ :—

> ਪਾਰਬ੍ਰਹਮ ਪੂਰਨ ਬ੍ਰਹਮ, ਕਲਿਜੁਗ ਅੰਦਰ ਇਕ ਦਿਖਾਇਆ। ਚਾਰੇ ਪੈਰ ਧਰਮ ਦੇ, ਚਾਰ ਵਰਨ ਇਕ ਵਰਨ ਕਰਾਇਆ। ਰਾਣਾ ਰੰਕ ਬਰਾਬਰੀ, ਪੈਰੀ ਪਵਣਾ ਜਗ ਵਰਤਾਇਆ। ਉਲਟਾ ਖੇਲ ਪਿਰੰਮ ਦਾ, ਪੈਰਾਂ ਉਪਰ ਸੀਸ ਨਿਵਾਇਆ। ਕਲਿਜੁਗ ਬਾਬੇ ਤਾਰਿਆ, ਸਤਿਨਾਮ ਪੜ੍ਹ ਮੰਤ੍ਰ ਸੁਣਾਇਆ। ਕਲਿ ਤਾਰਨ ਗੁਰ ਨਾਨਕ ਆਇਆ।

ਗੁਰੂ ਜੀ ਦੇ ਸਰਬ-ਸਾਂਝੇ ਤੇ ਸਰਬੱਤੀ ਉਪਦੇਸ਼ ਨੇ ਸਾਰੇ ਲੋਕਾਂ ਦੇ ਦਿਲਾਂ ਅੰਦਰ ਗੱਡੇ ਹੋਏ ਵਹਿਮਾਂ, ਭਰਮਾਂ, ਗਲਤ ਫ਼ਲਸਫ਼ਿਆਂ ਤੇ ਕਰਮ-ਕਾਂਡਾਂ ਨੂੰ ਜੜ੍ਹੋਂ ਉਖੇੜ ਮਾਰਿਆ। ਹੰਕਾਰੀ ਬ੍ਰਾਹਮਣਾਂ, ਹਠੀ ਤੇ ਕਰਾਮਾਤੀ ਸਿੱਧਾਂ ਨਾਥਾਂ ਜੋਗੀਆਂ, ਕੁਚੀਲ ਸਰੇਵੜਿਆਂ, ਜ਼ਾਲਮ ਰਾਜਿਆਂ, ਸੱਜਣ ਜਿਹੇ ਠੱਗਾਂ ਤੇ ਕੌਡੇ ਵਰਗੇ ਰਾਖਸ਼ਾਂ ਉਤੇ ਸਤਿਗੁਰੂ ਜੀ ਦਾ ਚਲਾਇਆ ਹੋਇਆ ਸਤਿਨਾਮ ਦਾ ਚੱਕਰ ਅਜਿਹਾ ਰਾਸ ਆਇਆ ਕਿ ਇਹਨਾਂ ਸਾਰਿਆਂ ਦੀ ਬੁਧ ਤੇ ਸੁਭਾਅ ਬਦਲ ਗਏ। ਸਭ, ਭੈੜੇ ਕਰਮਾਂ ਦੀ ਤਿਆਗ ਕਰ ਕੇ ਗੁਰੂ ਨਾਨਕ ਦੇ ਦੱਸੇ ਮਾਰਗ ਦੇ ਪੰਧਾਊ ਬਣ ਗਏ। ਨਾ ਕੇਵਲ ਆਪ ਹੀ ਨਿਸਚੇ ਤੇ ਸਿਦਕ ਨਾਲ ਨਿਰੰਕਾਰੀ ਪੰਥ ਦੇ ਅਨੁਯਾਈ ਬਣੇ, ਸਗੋਂ ਇਕ ਇਕ ਨੇ ਸੈਂਕੜੇ ਤੇ ਹਜ਼ਾਰਾਂ ਦੇ ਜੀਵਨ ਪਲਟਾ ਦਿਤੇ। ਗੁਰੂ ਜੀ ਦਾ ਮਾਰਿਆ ਸਿੱਕਾ ਅਜਿਹਾ ਫਲੀ ਭੂਤ ਹੋਇਆ ਕਿ ਸੰਸਾਰ ਵਿਚ ਆਸਤਕਤਾ ਦੀ ਪਰਬਲ ਲਹਿਰ ਚਲ ਪਈ।

ਸਤਿਗੁਰੂ ਨਾਨਕ ਦੇਵ ਜੀ ਨੇ ਸਮੇਂ ਦੇ ਹਾਕਮਾਂ ਦੇ ਜ਼ੁਲਮ ਤੇ ਕੁਕਰਮਾਂ ਦੀ ਦਲੇਰੀ ਨਾਲ ਵਿਰੋਧਤਾ ਕੀਤੀ। ਉਨ੍ਹਾਂ ਦੀ ਅਸਲੀ ਗਲਤੀ ਉਹਨਾਂ ਦੇ ਸਾਹਮਣੇ ਰਖੀ ਤੇ ਬੜੇ ਸਖ਼ਤ ਸ਼ਬਦਾਂ ਵਿਚ ਤਾੜਨਾ ਕੀਤੀ। ਇਹ ਗੁਰੂ ਜੀ ਦੀ ਨਿਰਭੈਤਾ ਦੀ ਉਸ ਸਮੇਂ ਦੀ ਹੱਦ ਸੀ



www.AKJ.Org

ਜਦੋਂ ਕਿ ਮਨੁਖੀ ਜੀਵਨ ਦਾ ਮੁਲ ਇਕ ਕੀੜੇ ਜਿੰਨਾ ਵੀ ਨਹੀਂ ਸੀ ਪੈਂਦਾ ਤੇ ਲੋਕ-ਰਾਇ ਦਾ ਨਾਂ-ਨਿਸ਼ਾਨ ਤਕ ਵੀ ਨਹੀਂ ਸੀ। ਆਪ ਨੇ ਫ਼ੁਰਮਾਇਆ :—

ਰਾਜੇ ਸ਼ੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍
ਬੈਠੇ ਸੁਤੇ ॥ ਚਾਕਰ ਨਹਦਾ ਪਾਇਨਿ੍ ਘਾਉ ॥
ਰਤੁ ਪਿਤੁ ਕੁਤਿਹੋ ਚਟਿ ਜਾਹੁ ॥ [ਮ: ੧, ਪੰ: ੧੨੮੮

ਬਾਬਰ ਵਰਗੇ ਜਾਬਰ ਦੇ ਜ਼ੁਲਮ, ਉਸ ਦੇ ਮੂੰਹ ਉਤੇ ਅਜਿਹੀ ਨਿਰਭੈਤਾ ਨਾਲ ਨੰਗੇ ਕਰ ਕੇ ਦਿਖਾਲੇ ਕਿ ਉਸ ਨੇ ਅਗੋਂ ਲਈ ਅਤਿਆਚਾਰਾਂ ਤੋਂ ਤੋਬਾ ਕੀਤੀ। ਗੁਰੂ ਜੀ ਦੀ ਨਿਰਭੈਤਾ ਦੇਖੋ, ਬਾਬਰ ਨੂੰ ਕਹਿ ਰਹੇ ਹਨ ਕਿ :—

ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜੋਰੀ ਮੰਗੈ
ਦਾਨੁ ਵੇ ਲਾਲੋ ॥......ਸਚ ਕੀ ਬਾਣੀ ਨਾਨਕੁ
ਆਖੈ, ਸਚੁ ਸੁਣਾਇਸੀ ਸਚੁ ਕੀ ਬੇਲਾ ॥੨॥੩॥੫॥
[ਤਿਲੰਗ ਮ: ੧, ਪੰ: ੭੨੨-੨੩

ਭਾਵ ਕਿ ਬਾਬਰ ਦੇ ਜ਼ੁਲਮਾਂ ਦੀਆਂ ਸਚੀਆਂ ਗੱਲਾਂ ਮੈਂ ਹੁਣ ਬਾਬਰ ਦੇ ਮੂੰਹ ਰੂਬਰੂ ਸੁਣਾ ਰਹਿਆ ਹਾਂ, ਕਿਉਂਕਿ ਸੱਚ ਸੁਣਾਉਣ ਦਾ ਹੁਣੇ ਹੀ ਵੇਲਾ ਹੈ।

ਰਾਜਿਆਂ ਤੋਂ ਛੁਟ, ਆਪ ਕਾਰੋਬਾਰੀ ਲੋਕਾਂ ਨੂੰ ਉਨ੍ਹਾਂ ਦੇ ਫ਼ਰਜ਼ ਚਿਤਾਰਨ ਵਾਲੇ ਸਤਿਗੁਰੂ ਜੀ ਦੇ ਸ਼ਬਦ, ਸਦਾ ਲਈ ਸੰਸਾਰ ਦੀ ਅਗਵਾਈ ਕਰਨ ਦੀ ਸਮਰਥਾ ਰਖਦੇ ਹਨ। ਭਾਰਤ ਜਿਹੇ ਵਾਹੀ ਬੀਜੀ ਵਾਲੇ ਦੇਸ ਦੇ ਕਿਰਸਾਨਾਂ ਨੂੰ ਅੰਨ ਦਾਣਾ ਪੈਦਾ ਕਰਨ ਦੇ ਨਾਲ ਨਾਲ ਆਤਮਕ ਖੇਤੀ ਬਾੜੀ ਦੀ ਉੱਨਤੀ ਦਾ ਨੁਸਖ਼ਾ ਆਪ ਇਉਂ ਦੱਸਦੇ ਹਨ :—

ਮਨੁ ਹਾਲੀ, ਕਿਰਸਾਣੀ ਕਰਣੀ, ਸਰਮੁ ਪਾਣੀ,
ਤਨੁ ਖੇਤੁ ॥ ਨਾਮੁ ਬੀਜੁ, ਸੰਤੋਖੁ ਸੁਹਾਗਾ, ਰਖੁ
ਗਰੀਬੀ ਵੇਸੁ ॥ ਭਾਉ ਕਰਮ ਕਰਿ ਜੰਮਸੀ, ਸੇ
ਘਰ ਭਾਗਠ ਦੇਖੁ ॥੧॥ ਬਾਬਾ ਮਾਇਆ ਸਾਥਿ
ਨ ਹੋਇ ॥ ਇਨਿ ਮਾਇਆ ਜਗੁ ਮੋਹਿਆ,
ਵਿਰਲਾ ਬੂਝੈ ਕੋਇ ॥੧॥ਰਹਾਉ॥
[ਸੋਰਠ ਮ: ੫, ਪੰ: ੫੯੫

ਅੱਜ ਕਲ੍ਹ ਵੀ ਕਲਜੁਗ ਦੇ ਪਰਭਾਵ ਨੇ ਲੋਕਾਂ ਦੇ ਦਿਲਾਂ ਵਿਚੋਂ ਵਾਹਿਗੁਰੂ ਜੀ ਦਾ ਭੈ ਭਾਉ ਦੂਰ ਕਰ ਦਿਤਾ ਹੈ। ਪੱਛਮ ਵਲੋਂ ਆਈ ਪਦਾਰਥਵਾਦ ਦੀ ਲਹਿਰ ਨੇ ਪੂਰਬ-ਵਾਸੀਆਂ ਨੂੰ ਵੀ ਮਾਇਆ-ਜਾਲ ਦੀ ਲਪੇਟ ਵਿਚ ਲੈ ਆਂਦਾ ਹੈ। ਇਥੋਂ ਤਕ ਕਿ ਭਾਰਤ-ਵਾਸੀਆਂ ਨੇ ਸੁਤੰਤਰ ਹੋਣ ਦੇ ਬਾਵਜੂਦ ਆਪਣੇ ਹੀ ਦੇਸ਼-ਵਾਸੀਆਂ ਨਾਲ ਹੇਰਾ ਫੇਰਾ, ਠੱਗੀ, ਚੋਰਬਜ਼ਾਰੀ ਤੇ ਨਫ਼ਾ-ਖ਼ੋਰੀ ਨੂੰ ਆਪਣਾ ਸ਼ੇਵਾ ਬਣਾ ਲਿਆ ਹੈ। ਅਜਿਹੇ ਭਰਾ-ਮਾਰੂ ਤੇ ਲੋਟੂ ਹਟਵਾਣੀਆਂ ਨੂੰ ਗੁਰੂ ਨਾਨਕ ਜੀ ਦਾ ਇਹ ਸੁਨੇਹਾ ਹੈ :—

ਹਾਣੁ ਹਾਟੁ ਕਰਿ ਆਰਜਾ, ਸਚੁ ਨਾਮੁ ਕਰਿ
ਵਥੁ ॥ ਸੁਰਤਿ ਸੋਚ ਕਰਿ ਭਾਂਡ-ਸਾਲ, ਤਿਸੁ
ਵਿਚਿ ਤਿਸ ਨੋ ਰਖੁ ॥ ਵਣਜਾਰਿਆ ਸਿਉ ਵਣਜੁ
ਕਰਿ, ਲੈ ਲਾਹਾ ਮਨ ਹਸੁ ॥੨॥

ਕਲਜੁਗੀ ਜੀਵਾਂ ਉਤੇ ਮਾਇਆ ਰਾਣੀ ਦਾ ਅਜਿਹਾ ਜਾਦੂ ਵਾਲਾ ਚੱਕਰ ਚਲ ਰਹਿਆ ਹੈ ਕਿ ਸੱਚ ਝੂਠ ਦਾ ਨਿਰਣਾ ਕਰਨਾ ਔਖਾ ਹੋ ਰਹਿਆ ਹੈ। ਵਣਜ ਵਪਾਰ, ਅਖ਼ਬਾਰ, ਇਸ਼ਤਿਹਾਰ, ਬਚਨ, ਵਿਹਾਰ ਉਤੇ ਕਿਸੇ ਦਾ ਭਰੋਸਾ ਨਹੀਂ ਰਿਹਾ, ਜਿਸਦਾ ਅਸਰ ਦੇਸ ਦੀ ਆਰਥਕ, ਸਭਿਆਚਾਰਕ ਤੇ ਇਖ਼ਲਾਕੀ ਅਵਸਥਾ ਉਤੇ ਬਹੁਤ ਮਾੜਾ ਪੈਂਦਾ ਹੈ। ਗੁਰੂ ਜੀ ਨੇ ਲਾਲਚੀ ਪੁਰਸ਼ਾਂ ਨੂੰ ਇਉਂ ਤਾੜਿਆ ਸੀ :—

ਲਾਲਚੁ ਛੋਡਹੁ ਅੰਧਿਹੋ, ਲਾਲਚਿ ਦੁਖੁ ਭਾਰੀ ॥
ਸਾਚੌ ਸਾਹਿਬੁ ਮਨਿ ਵਸੈ, ਹਉਮੈ ਬਿਖੁ ਮਾਰੀ ॥੫॥
[ਆਸਾ ਮ: ੧, ਪੰ: ੪੧੯

ਫੇਰ ਜਿਸ ਸਰੀਰ ਦੀ ਪਾਲਣਾ ਤੇ ਜਿਨ੍ਹਾਂ ਸੰਬੰਧੀਆਂ ਦੀ ਪੋਖਣਾ ਬਦਲੇ ਪ੍ਰਾਣੀ ਪਾਪ ਕਰਦਾ ਹੈ, ਉਹ ਸਭ ਕਾਲ ਦੀ ਬੁਰਕੀ ਹਨ। ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ :—

ਮਛੁਲੀ ਜਾਲੁ ਨ ਜਾਣਿਆ, ਸਰੁ ਖਾਰਾ ਅਸਗਾਹੁ ॥
ਅਤਿ ਸਿਆਣੀ ਸੋਹਣੀ, ਕਿਉ ਕੀਤੋ ਵੇਸਾਹੁ ॥
ਕੀਤੇ ਕਾਰਣਿ ਪਾਕੜੀ, ਕਾਲੁ ਨ ਟਲੈ
ਸਿਰਾਹੁ ॥੧॥ ਭਾਈ ਰੇ ਇਉ ਸਿਰਿ ਜਾਣਹੁ
ਕਾਲੁ ॥ ਜਿਉ ਮਛੀ ਤਿਉ ਮਾਣਸਾ, ਪਵੈ ਅਚਿੰਤਾ
ਜਾਲੁ ॥੧॥ਰਹਾਉ॥ [ਸਿਰੀ ਰਾਗ ਮ: ੧, ਪੰ: ੫੫

ਜੇ ਜੀਵਾਂ ਨੂੰ ਇਸ ਗੱਲ ਦਾ ਨਿਸਚਾ ਹੋ ਜਾਵੇ ਕਿ



www.AKJ.Org

ਸਾਰਿਆ ਨੇ ਮਰ ਜਾਣਾ ਹੈ ਅਤੇ ਅੰਤ ਸਮੇਂ ਕੋਈ ਚੀਜ਼ ਨਾਲ ਨਹੀਂ ਜਾਣੀ ਤਾਂ ਫੇਰ ਜੀਵ, ਮਾਇਆ ਵਿਚ ਗੰਦੀ ਨਾਲੀ ਦੇ ਕੀੜੇ ਵਾਂਗ ਮੁੜ ਮੁੜ ਕਿਉਂ ਘੁਸੜੇ ? ਗੁਰੂ ਜੀ ਨੇ ਅਜਿਹੇ ਮਾਇਆ-ਵੇੜਿਆਂ ਉਤੇ ਤਰਸ ਖਾ ਕੇ ਸੱਚੀ ਸਉਦਾਗਰੀ ਦਾ ਵੱਲ ਸਿਖਾਇਆ ਸੀ :—

ਸੁਣਿ ਸਾਸਤ ਸਉਦਾਗਰੀ, ਸਤੁ ਘੋੜੇ ਲੈ ਚਲੁ ॥ ਖਰਚੁ ਬੰਨੁ ਚੰਗਿਆਈਆ, ਮਤੁ ਮਨ ਜਾਣਹਿ ਕਲੁ ॥ ਨਿਰੰਕਾਰ ਕੈ ਦੇਸਿ ਜਾਹਿ, ਤਾ ਸੁਖਿ ਲਹਹਿ ਮਹਲੁ ॥੩॥

ਕੇਵਲ ਸਚਾਈ, ਨੇਕੀ ਤੇ ਚੰਗਿਆਈ ਕਾਰਨ ਹੀ ਪ੍ਰਾਣੀ ਜਮਾਂ ਦੀ ਫਾਹੀ ਤੋਂ ਬਚ ਸਕਦਾ ਹੈ ਅਤੇ ਜੇ ਉਹ ਅਜਿਹੇ ਸਦ ਗੁਣਾਂ ਦਾ ਪੱਕਾ ਧਾਰਨੀ ਹੋ ਜਾਵੇ ਤਾਂ ਉਸ ਨੂੰ ਉਹ ਸਭ ਤੋਂ ਉੱਚੀ ਅਧਿਆਤਮਕ ਪਦਵੀ ਮਿਲ ਸਕਦੀ ਹੈ, ਜਿਸ ਨੂੰ ਪ੍ਰਾਪਤ ਕਰਨ ਲਈ ਬੜੇ ਬੜੇ ਰਿਸ਼ੀ, ਮੁਨੀ, ਤਪੱਸਵੀ ਤੇ ਕਰਾਮਾਤੀ ਕਈ ਤਰ੍ਹਾਂ ਦੇ ਕਸ਼ਟ ਸਹਾਰਦੇ ਤੇ ਘਾਲਾਂ ਘਾਲਦੇ ਹਨ।

ਚਾਕਰਾਂ ਅਥਵਾ ਨੌਕਰਾਂ ਬਾਰੇ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਅਨੁਸਾਰ ਨੌਕਰੀ ਦੀ ਪਰਖ-ਵੱਟੀ ਇਹ ਹੈ ਕਿ ਨੌਕਰ ਨੂੰ ਮਾਲਕ ਦਾ ਡਰ ਨਾ ਰਹੇ। ਭਾਵ ਕਿ ਨੌਕਰ ਆਪਣੇ ਦੈਨਿਕ ਫ਼ਰਜ਼ ਅਜਿਹੀ ਵਫਾਦਾਰੀ ਤੇ ਇਮਾਨਦਾਰੀ ਨਾਲ ਪੂਰੇ ਕਰੇ ਕਿ ਪੜਤਾਲ ਕੀਤਿਆਂ ਉਸ ਉਤੇ ਕੋਈ ਹਰਫ ਨਾ ਆਵੇ। ਗੁਰੂ ਜੀ ਕਹਿੰਦੇ ਹਨ :—

ਏਹ ਕਿਨੇਹੀ ਚਾਕਰੀ ? ਜਿਤੁ ਭਉ ਖਸਮ ਨ ਜਾਇ ॥ ਨਾਨਕ ਸੇਵਕੁ ਕਾਢੀਐ, ਜਿ ਸੇਤੀ ਖਸਮ ਸਮਾਇ ॥੨॥ [ਮ: ੨, ਪੰਨਾ ੪੭੫

ਅਤੇ ਸੱਚੇ ਨੌਕਰਾਂ ਦੀ ਅਗਵਾਈ ਲਈ ਆਪ ਦਾ ਹੁਕਮ ਹੈ :—

ਲਾਇ ਚਿਤੁ ਕਰਿ ਚਾਕਰੀ, ਮੰਨਿ ਨਾਮੁ ਕਰਿ ਕੰਮੁ ॥ ਬੰਨੁ ਬਦੀਆ ਕਰਿ ਧਾਵਣੀ, ਤਾ ਕੋ ਆਖੈ ਧੰਨੁ ॥ ਨਾਨਕ ਵੇਖੈ ਨਦਰਿ ਕਰਿ, ਚੜੈ ਚਵਗਣ ਵੰਨੁ ॥੪॥੨॥ [ਸੋਰਠ ਮ: ੧, ਪੰਨਾ ੫੯੬

ਪੰਜ ਸੌ ਸਾਲ ਬੀਤ ਜਾਣ ਤੋਂ ਬਾਅਦ ਵੀ ਗੁਰੂ ਨਾਨਕ ਦੇਵ ਜੀ ਦੀ ਅਮਰ ਆਤਮਾ, ਉਨ੍ਹਾਂ ਦੀ ਬਾਣੀ ਦੇ ਰੂਪ ਵਿਚ ਅੱਜ ਵੀ ਪ੍ਰਾਣੀ ਮਾਤਰ ਨੂੰ ਸਤ, ਪਿਆਰ ਨੇਕੀ, ਪਵਿਤਰਤਾ, ਈਮਾਨਦਾਰੀ, ਏਕਤਾ, ਭਰਾਤ੍ਰੀ ਭਾਵ, ਸਹੋਦਰਤਾ ਤੇ ਸਰਬੱਤ ਦੇ ਭਲੇ ਦੀ ਮੰਗ ਕਰਨ ਲਈ ਵੰਗਾਰ ਰਹੀ ਹੈ। ਸਭ ਤੋਂ ਵਧੀਕ ਸਵੈ-ਪੜਚੋਲ ਦਾ ਦਿਨ, ਅੱਜ ਉਨ੍ਹਾਂ ਪ੍ਰਾਣੀਆਂ ਲਈ ਹੈ ਜੋ ਗੁਰੂ ਨਾਨਕ ਜੀ ਨੂੰ ਆਪਣਾ ਗੁਰੂ ਮੰਨਣ ਦਾ ਦਾਅਵਾ ਕਰਦੇ ਹਨ। ਗੁਰੂ ਨਾਨਕ ਦੇਵ ਜੀ ਦੀ ਪ੍ਰਤਿਭਾ ਹਰੇਕ ਸਿਖ ਪਾਸੋਂ ਘਟੋ ਘੱਟ ਇਕ ਔਗੁਣ ਛਡਣ ਤੇ ਇਕ ਗੁਣ ਗ੍ਰਹਿਣ ਕਰਨ ਦੀ ਮੰਗ ਕਰਦੀ ਹੈ। ਸਾਨੂੰ ਖੁਲ੍ਹ ਪ੍ਰਾਪਤ ਹੈ ਕਿ ਅਸੀਂ ਇਹ ਚੋਣ ਕਰ ਲਈਏ ਕਿ ਅਸਾਂ ਝੂਠ, ਬੇਈਮਾਨੀ, ਨਸ਼ਾ ਸੇਵਨ, ਭਰਿਸ਼ਟਾਚਾਰ, ਵਿਚੋਂ ਕਿਹੜਾ ਔਗੁਣ ਆਉਣ ਵਾਲੇ ਨਾਨਕਸ਼ਾਹੀ ਸੰਮਤ ਵਿਚ ਛਡਣਾ ਹੈ ਤੇ ਅੰਮ੍ਰਿਤ ਵੇਲੇ ਉਠਣ, ਨਿਤਨੇਮ ਕਰਨ, ਨਾਮ ਜਪਣ, ਸਤਿ-ਸੰਗ ਕਰਨ, ਸੁਕ੍ਰਿਤ ਕਰਨ, ਨੇਕੀ ਤੇ ਪਰਉਪਕਾਰ ਵਿਚੋਂ ਕਿਹੜਾ ਗੁਣ ਧਾਰਨ ਕਰਨਾ ਹੈ। ਦੂਸਰੇ ਇਕ ਗੁਣ ਦੀ ਦ੍ਰਿੜ੍ਹ ਧਾਰਨਾ ਹੀ ਇਕ ਸੱਚਾ ਤੇ ਸਫਲ ਢੋਆ ਹੋ ਸਕਦਾ ਹੈ, ਜਿਸ ਨੂੰ ਕਲਜੁਗ ਦਾ ਤਾਰਨਹਾਰ, ਮੇਰਾ ਗੁਰੂ ਪਾਤਸ਼ਾਹ ਅਗਾਂਹ ਹੱਥ ਪਸਾਰ ਕੇ ਪ੍ਰਵਾਨ ਕਰ ਸਕਦਾ ਹੈ।

# ਪੋਥੀ ਪਰਮੇਸਰ ਕਾ ਥਾਨੁ

## ਗੁਰਬਾਣੀ ਦੀਆਂ ਪੋਥੀਆਂ ਦੇ ਸਤਿਕਾਰ ਵਜੋਂ

੧. ਰੁਮਾਲਿਆਂ ਵਿਚ ਵਲ੍ਹੇਟ ਕੇ ਰਖੋ। ੨. ਗੋਡਿਆਂ ਤੇ ਜਾਂ ਭੁੰਞੇ ਰਖਣਾ ਬੇਅਦਬੀ ਹੈ।

੩. ਬਾਣੀ ਦੀਆਂ ਪੋਥੀਆਂ ਨੂੰ ਕੜਾਹ ਪ੍ਰਸ਼ਾਦ ਛਕ ਕੇ ਜੂਠੇ ਤੇ ਥਿੰਦੇ ਹੱਥ ਲਾਉਣੇ ਭਾਰੀ ਭੁੱਲ ਹੈ।

੪. ਪੂਰਨ ਯਤਨ ਕਰੋ ਕਿ ਬਾਣੀ ਜ਼ਬਾਨੀ ਯਾਦ ਕਰ ਕੇ ਪੜ੍ਹੀ ਤੇ ਗਾਵੀਂ ਜਾਵੇ।

੫. ਗੁਰਬਾਣੀ ਦੇ ਹਰੇਕ ਸਰੂਪ ਦਾ ਹਰ ਸਮੇਂ ਤੇ ਹਰ ਥਾਂ ਪੂਰਨ ਸਤਿਕਾਰ ਕਰੋ ਜੀ।



www.AKJ.Org

# ਕਲ ਤਾਰਨ ਗੁਰੁ ਨਾਨਕ ਆਇਆ

[ ਵਲੋਂ — ਭਾਈ ਮੱਘਰ ਸਿੰਘ ਜੀ ਸ਼ਾਂਤ, ਪੂਹਲਾ ]

ਧਉਲ ਧਰਮ ਨਾ ਧਰਤਿ ਦਾ ਭਾਰ ਚੁਕੇ,
ਕ੍ਰਿਤਘਣਾਂ ਦੇ ਦੱਬੀ ਸੀ ਭਾਰ ਅੰਦਰ।
ਕੋਈ ਦੇਵੇ ਸਹਾਰਾ ਨਾ ਸਾਧ ਬਾਝੋਂ,
ਸਾਧ ਦਿਸੇ ਨਾ ਕੋਈ ਸੰਸਾਰ ਅੰਦਰ।
ਅਪਣੇ ਜੀਆਂ ਤੇ ਆਪ ਹੀ ਦਇਆ ਕੀਤੀ,
ਪ੍ਰਗਟ ਹੋਆ ਮਨੁੱਖਾ ਅਵਤਾਰ ਅੰਦਰ।
ਸੂਰਜ ਸੱਚ ਦਾ ਨਿਕਲਿਆ ਗੁਰੂ ਨਾਨਕ,
ਭਟਕ ਰਹੇ ਸਾਂ ਭਰਮ ਅੰਧਾਰ ਅੰਦਰ।
ਸੋਧਣ ਆਇਆ ਗਰੀਬੀ ਦੀ ਗਦਾ ਲੈ ਕੇ,
ਫਸੇ ਬੰਧਨਾਂ ਕਰਮ, ਬਿਕਾਰ ਅੰਦਰ।
ਬਾਬਾ ਵੈਦ ਬਣ ਕੇ ਆਇਆ ਰੋਗੀਆਂ ਦਾ,
ਮਾਰੇ 'ਹਉ-ਮੈਂ' ਦੇ, ਜਗਤ ਬੀਮਾਰ ਅੰਦਰ।
ਕੂੜ ਧੜੇ ਪ੍ਰਧਾਨ ਤੇ ਕੂੜ ਸੌਦੇ,
ਆਏ 'ਸੱਚ' ਦਾ ਕਰਨ ਵਿਉਹਾਰ ਅੰਦਰ।
ਗੁਰਮੁਖ ਰਾਹ ਗਾਡੀ ਸਿੱਧੇ ਪੰਥ ਪਾਇਆ,
ਨਾਮ ਦਾਨ ਇਸ਼ਨਾਨ ਦੀ ਕਾਰ ਅੰਦਰ।
ਰਾਜਾ ਰੰਕ ਬਰਾਬਰੀ ਹੈ ਬਿਠਾਇਆ,
ਨਾਹੀਂ ਵਿਤਕਰਾ ਨਰ ਤੇ ਨਾਰਿ ਅੰਦਰ।
ਦਇਆਹੀਣ ਮਨਮੱਤੀਆਂ, ਮੱਤਿ ਦਿਤੀ,
ਚੜ੍ਹੇ ਮਾਨ - ਪਹਾੜ 'ਹੰਕਾਰ ਅੰਦਰ।
ਜੀਆ ਦਾਨ ਦਿਤਾ ਸਾਰੇ ਜਗਤ ਤਾਈਂ,
ਆਯੂ ਦਿਤੀ ਗੁਜ਼ਾਰ ਉਪਕਾਰ ਅੰਦਰ।
ਖ਼ਾਲੀ ਖੰਡ ਬ੍ਰਹਮੰਡ ਨਾ ਛੱਡਿਆ ਏ,
'ਸਤਿਨਾਮੁ' ਦਾ ਕਰਿਆ ਪ੍ਰਚਾਰ ਅੰਦਰ।
ਗੁਰਾਂ ਗ੍ਰਿਹਸਤ ਪ੍ਰਧਾਨ ਹੀ ਮੰਨਿਆ ਹੈ,
ਬਾਸਾ ਕਰਿਆ 'ਪੁਰ ਕਰਤਾਰ' ਅੰਦਰ।
ਅੰਮ੍ਰਿਤ ਵੇਲੇ ਬੰਬੀਹੇ ਬਿਲਾਪ ਕੀਤਾ,
ਤੇਰੇ ਦਰ ਤੇ ਸੁਣੀਂ ਪੁਕਾਰ ਅੰਦਰ।
ਤੇਰੀ ਮੇਹਰ ਦਾ ਵਰਸਿਆ ਮੇਘ ਬਾਬਾ!
ਜਦੋਂ ਗਾਂਵਿਆਂ ਰਾਗ ਮਲਾਰ ਅੰਦਰ।
ਤਪਸ਼ ਹਰੀ, ਹਰਿਆਵਲੀ ਸਭ ਹੋਈ,
ਗੁਰੂ ਸ਼ਬਦ ਦੀ ਕਰੀ ਵਿਚਾਰ ਅੰਦਰ।



# ਧਾਰ ਗੁਰੂ ਅਵਤਾਰ ਕਰਤਾਰ ਪ੍ਰਗਟੇ

[ ਵਲੋਂ — ਭਾਈ ਸਾਹਿਬ ਰਣਧੀਰ ਸਿੰਘ ਜੀ ]

"ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ" ਦਾ ਭਾਵ ਇਸ ਕਵਿਤਾ ਵਿਚ ਹੈ। ਗੁਰੂ ਨਾਨਕ ਨੇ ਜੋਤਿ ਰੂਪ ਹੋ ਕੇ ਵਾਹਿਗੁਰੂ ਗੁਰ-ਸ਼ਬਦ ਜਗਤ ਤਾਰਨ ਲਈ ਬਖਸ਼ਿਆ। ਇਸ ਕਵਿਤਾ ਵਿਚੋਂ ਨਾਮ ਜਪਣ ਦੀ ਵਿਧੀ ਵੀ ਪ੍ਰਗਟ ਹੁੰਦੀ ਹੈ।

ਕਲਜੁਗ ਤਾਰਨੇ ਕਾਰਨੇ, ਗੁਰੂ ਜਾਮਾ ਰਚਿਆ,
ਸਤਿ ਸੈਭੰ ਸਰੂਪੋਲਿਆਂ ਦਾ।
ਸੈਭੰ ਰੂਪ ਦਾ ਸੁਤੇ ਪ੍ਰਕਾਸ਼ ਹੋਇਆ,
ਨਿਰੰਕਾਰ ਅਕਾਰ ਪ੍ਰਗਟੋਲਿਆਂ ਦਾ।
ਧਾਰਿ ਗੁਰੂ ਅਵਤਾਰ ਕਰਤਾਰ ਪ੍ਰਗਟੇ,
ਪਰਮ ਸ੍ਰੇਸ਼ਟ ਪਦੁ ਗੁਰ ਅਵਤਾਰੋਲਿਆਂ ਦਾ।
ਗੁਰੁ ਅਵਤਾਰ ਸਰਬੋਤਮੋ ਪੁਰਖ ਪੂਰੇ,
ਧੰਨ ਉਪਕਾਰ ਗੁਰ ਪਰਉਪਕਰੋਲਿਆਂ ਦਾ।
ਧੰਨਿ ਸਤਿਗੁਰੂ ਜੋਤਿ ਵਿਗਾਸ ਮੂਰਤਿ,
ਵਾਹਿਗੁਰੂ ਵਿਸਮਾਦ ਰੂਪੋਲਿਆਂ ਦਾ।
ਗੁਰੂ ਸਤਿਗੁਰੂ ਧੰਨਿ ਗੁਰੁ, ਵਾਹੁ ਵਾਹੁ, ਵਾਹ ਪੂਰਾ,
ਸਬਦ ਗੁਰ ਪੂਰ ਪੂਰੋਲਿਆਂ ਦਾ।
ਗੁਰੂ ਮੁਖਿ ਰਿਦਿ ਰਸਨ ਤੇ ਰਖਿ ਜਪੀਏ,
ਸਤਿ ਸਬਦ ਗੁਰੁ ਤਤ ਰਿੜਕੋਲਿਆਂ ਦਾ।
ਸੁਰਤ ਸਨਮੁਖਾ ਗੁਰੂ ਗੁਰ ਮੁਖਿ ਜਪਣਾ,
ਮੁਖ ਚਾਲੜਾ ਜੁਗਤ ਜੁਗਤੋਲਿਆਂ ਦਾ।

---

ਪੰਜ ਤੂਰ ਗੰਧਰਬ ਜੋ ਗਗਨ ਗਾਉਂਦੇ,
ਸਭ ਨੇ ਸੁਣਿਆ ਤੇਰੀ ਸਤਾਰ ਅੰਦਰ।
ਮਇਆ ਕਰੀ ਮਰਦਾਨੇ ਰਬਾਬ ਦਿੱਤੀ,
ਧੁਨੀ ਹੋਈ ਨਿਰੰਕਾਰ! ਨਿਰੰਕਾਰ! ਅੰਦਰ।
ਸਿਫਤਿ ਵਿਚ ਮਾਨੁੱਸ਼ ਕੀ ਤੁਛ ਬੋਲੇ?
ਸ਼ੇਸ਼ ਸਾਰਦਾ ਗਏ ਨੇ ਹਾਰ ਅੰਦਰ।
"ਧੂੜੀ ਵਿਚ ਲੁਡੰਦੜੀ" ਸਦਾ ਸੋਹਾਂ,
ਤੇਰੇ ਸੇਵਕਾਂ ਦੀ ਚਰਨ ਛਾਰ ਅੰਦਰ।
ਜਥੇਬੰਦੀ ਦਾ ਪੰਥ ਨੂੰ ਦਾਨ ਦੇਣਾ,
ਸਦਾ ਰੱਖਣਾ ਪ੍ਰੇਮ ਪਿਆਰ ਅੰਦਰ।
ਕਵੀ ਕੂਕਦਾ, ਕਬੀ ਨਾ "ਸ਼ਾਂਤ" ਹੋਵੇ,
ਤੇਰੇ ਸੱਚੇ ਦਰਬਾਰ ਦੇ ਦੁਆਰ ਅੰਦਰ।

www.AKJ.Org

# ਅਕਾਲ ਪੁਰਖ ਦੀ ਦਰਗਾਹ

[ ਵਲੋਂ — ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਅਗਿਆਨ ਅੰਧਕਾਰ ਗ੍ਰਸੀ ਆਮ ਲੋਕਾਈ ਅਦ੍ਰਿਸ਼ਟ ਅਗੋਚਰ ਪਾਰਬ੍ਰਹਮ ਪਰਮੇਸੁਰ ਦੀ ਹੋਂਦ ਹਸਤੀ ਤੋਂ ਬਹੁਤ ਕਰਕੇ ਇਸ ਕਾਰਨ ਮੁਨਕਰ ਹੈ ਕਿ ਉਹ ਪੰਜ-ਭੂਤਕ ਅੱਖੀਆਂ ਨੂੰ ਦਿਸਦਾ ਨਹੀਂ । ਬਹੁਤ ਸਾਰੇ ਅਖਾਉਤੀ ਆਸਤਕਤਾਈ ਦੇ ਹਾਮੀ ਬੰਦੇ, ਸਿਖ ਕਹਾਉਣ ਵਾਲੇ ਅਤੇ ਹੋਰ ਅਨਮਤੀ ਮਜ਼ਹਬਾਂ ਦੇ ਦੇਖਾ-ਦੇਖੀ ਬਣ ਬੈਠੇ ਪੈਰੋਕਾਰ ਭੀ ਇਸੇ ਕਾਰਨ ਹੀ ਨਾਸਤਕ ਹੁੰਦੇ ਚਲੇ ਜਾਂਦੇ ਹਨ ਕਿ ਮੌਜੂਦਾ ਨ-ਮੁਕੰਮਲ ਸਾਇੰਸ ਨੇ ਉਨ੍ਹਾਂ ਦੀਆਂ ਅੱਖੀਆਂ ਇਹ ਸਾਬਤ ਕਰਕੇ ਚੁੰਧਿਆਇ ਦਿਤੀਆਂ ਹਨ ਕਿ ਅੱਖੀਆਂ ਤੋਂ ਅਗੋਚਰ ਹੋਰ ਕੋਈ ਅਗੰਮੀ ਹਸਤੀ ਨਹੀਂ, ਜਿਸ ਨੂੰ ਸਾਰੀ ਕਾਇਨਾਤ ਦਾ ਹਰਤਾ ਕਰਤਾ ਕਰਕੇ ਮਤ ਮਤਾਂਤਰੀ ਅਸੂਲਾਂ ਵਾਲਿਆਂ ਨੇ ਅਪਣਾਇਆ ਹੈ । ਅਦਿਸ਼ਟ ਅਗੋਚਰ ਪ੍ਰਮਾਤਮਾ ਦੀ ਹੋਂਦ ਹਸਤੀ ਤੋਂ ਮੁਨਕਰ ਹੋਣਾ ਕੇਵਲ ਇਸ ਕਰਕੇ ਹੀ ਵਜ਼ਨਦਾਰ ਅਹਿਮੀਅਤ ਨਹੀਂ ਰਖਦਾ ਕਿ ਉਹ ਇਨ੍ਹਾਂ ਪੰਜ-ਭੂਤਕ ਅੱਖੀਆਂ ਦੇ ਦਿਸਣ ਗੋਚਰਾ ਨਹੀਂ । ਗੁਰਬਾਣੀ ਦੇ ਪ੍ਰਮਾਣ ਇਹ ਸਪੱਸ਼ਟ ਸਿਧ ਕਰਦੇ ਹਨ ਕਿ ਉਹ ਅੱਖੀਆਂ ਹੋਰ ਹਨ, ਜਿਨ੍ਹਾਂ ਦੁਆਰਾ ਪਿਰੀ ਪਰਮੇਸੁਰ ਪ੍ਰਤੱਖ ਦਿਸ ਸਕਦਾ :—

"ਸੇ ਅਖੜੀਆ ਬਿਅੰਨ ਜਿਨੀ ਦਿਸੰਦੋ ਮਾ ਪਿਰੀ ।"

ਗੁਰਬਾਣੀ ਤੋਂ ਇਹ ਭੀ ਸਾਬਤ ਹੁੰਦਾ ਹੈ ਕਿ ਗੁਰੂ ਘਰ ਦੇ ਗੁਰਮੁਖ ਜਨਾਂ ਨੇ, ਦਿੱਬ-ਦਿਸਟ-ਦੀਦਿਆਂ ਵਾਲੇ ਸੁਚੱਜੇ ਆਰਫਾਂ ਨੇ, ਅਦ੍ਰਿਸ਼ਟ ਅਗੋਚਰ ਵਾਹਿਗੁਰੂ ਨੂੰ ਪ੍ਰਤੱਖ ਦੇਖਿਆ ਅਤੇ ਹੁਣ ਭੀ ਦੇਖ ਸਕਦੇ ਹਨ ਤੇ ਦੇਖ ਰਹੇ ਹਨ । ਹੁਣ ਗੁਰਬਾਣੀ ਪ੍ਰਮਾਣਾਂ ਦੁਆਰਾ ਇਸ ਗੱਲ ਤੇ ਰੋਸ਼ਨੀ ਪਾਈ ਜਾਵੇਗੀ ਕਿ ਅਦ੍ਰਿਸ਼ਟ, ਅਗੰਮ ਤੇ ਲਾ-ਮਹਿਦੂਦ ਖ਼ੁਦਾ ਦੀ ਖ਼ੁਦਾਈ ਵਿਚ ਅਨੇਕ ਪ੍ਰਕਾਰ ਦੀ ਰਚਨਾ ਐਸੀ ਹੈ ਜੋ ਇਨ੍ਹਾਂ ਅੱਖਾਂ ਕਰਕੇ ਨਹੀਂ ਦਿਸਦੀ, ਪਰ ਵਾਸਤਵ ਵਿੱਚ ਹੈ ਸਹੀ । ਲੋਕਾਂ ਦੀ ਜੋ ਇਹ ਆਮ ਕਹਾਵਤ ਹੈ ਕਿ 'ਇਹ ਜਗ ਮਿੱਠਾ, ਅਗਲਾ ਕਿਨ੍ਹ ਡਿੱਠਾ" ਇਹ ਉੱਕੀ ਹੀ ਕਪੋਲ ਕਲਪਤ ਕਹਾਵਤ ਹੈ । ਪਾਰਦਰਸੀ ਗੁਰੂ ਸਾਹਿਬਾਨ ਨੇ ਤਾਂ ਉਨ੍ਹਾਂ ਅਨਗਿਣਤ, ਬੇਸ਼ੁਮਾਰ ਖੰਡਾਂ, ਬ੍ਰਹਿਮੰਡਾਂ ਅਤੇ ਅਸੰਖਾਂ ਅਣਦਿਸਦੀਆਂ ਦੁਨੀਆਵਾਂ, ਰਚਨਾਵਾਂ ਨੂੰ ਆਪਣੇ ਦਿੱਬ-ਦ੍ਰਿਸ਼ ਦੇ ਨੇਤਰਾਂ ਦੁਆਰਾ ਸਾਂਗੋ-ਪਾਂਗ ਪੇਖ ਕੇ ਹੀ ਦਸਿਆ ਦ੍ਰਿੜ੍ਹੱਸਿਆ ਹੈ :—

"ਅਗੰਮ ਅਗੰਮ ਅਸੰਖ ਲੋਅ ॥"

"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥"

"ਕੇਤੇ ਇੰਦ ਚੰਦ ਸੂਰ ਕੇਤੇ, ਕੇਤੇ ਮੰਡਲ ਦੇਸ ॥"

"ਤਿਥੈ ਖੰਡ ਮੰਡਲ ਵਰਭੰਡ ॥
ਜੇ ਕੋ ਕਥੈ ਤ ਅੰਤ ਨ ਅੰਤ ॥"

ਇਹ ਨਿਜ ਦ੍ਰਿਸਟਿ ਦੇਣੀ ਸ਼ਹਾਦਤ ਸਤਿਗੁਰੂ ਨਾਨਕ ਸਾਹਿਬ ਨੇ ਤਾਂ ਉਦੋਂ ਦੀ ਭਰੀ ਹੋਈ ਹੈ, ਜਦੋਂ ਇਸ ਸਾਇੰਸ ਨੇ ਅਜੇ ਆਪਣੇ ਚਮਤਕਾਰੇ ਭੀ ਨਹੀਂ ਵਿਖਾਏ ਸਨ ਤੇ ਨ ਸਾਇੰਸ ਅਜੇ ਪੂਰੀ ਵਜੂਦ ਵਿਚ ਹੀ ਆਈ ਸੀ। ਇਨ੍ਹਾਂ ਗੁਰ-ਦਰਸਾਈਆਂ ਅਗੰਮੀ ਗੱਲਾਂ ਨੂੰ ਐਵੇਂ ਖ਼ਿਆਲੀ ਮਨਘੜਤ ਗਪੋੜੇ ਹੀ ਸਮਝਿਆ ਜਾਂਦਾ ਸੀ; ਅੱਜ ਨਿਰੰਕਾਰੀ ਗੁਰੂ ਨਾਨਕ ਦੀ ਪਾਰਦਰਸਤਾ ਨੂੰ ਸਤਿ ਸਤਿ ਕਰ ਕੇ ਮੰਨਣ ਦਾ ਸੰਦੇਹ ਕਿਸੇ ਨੂੰ ਕੀ ਹੋ ਸਕਦਾ ਹੈ, ਜਦ ਕਿ ਸਾਇੰਸ ਦੇ ਕਿੰਚਤ ਮਾਤਰੀ ਤਜਰਬਿਆਂ ਨੇ ਸਾਬਤ ਕਰ ਦਿਤਾ ਹੈ ਕਿ ਇਹ ਜੋ ਅਕਾਸ਼ ਦੇ ਲਾ-ਮਹਿਦੂਦ ਪੁਲਾੜ ਵਿਚ ਬੇਅੰਤ ਤਾਰੇ-ਸਿਤਾਰੇ ਦਿਸ ਰਹੇ ਹਨ, ਸਭ ਵਸਦੀਆਂ ਦੁਨੀਆਵਾਂ ਹਨ। ਚਾਹੇ ਅਜੇ ਬਹੁਤ ਸਾਰੇ ਸਾਇੰਸਦਾਨ ਉਖੜੇ ਕੁਹਾੜੇ ਹੀ ਮਾਰਦੇ ਹਨ, ਕਿਉਂਕਿ ਉਨ੍ਹਾਂ ਨੇ ਉਸ ਨਿਗਾਹ ਨਾਲ ਇਹਨਾਂ ਅਗੰਮੀ ਰਚਨਾਵਾਂ ਨੂੰ ਅਜੇ ਦੇਖਿਆ ਹੀ ਨਹੀਂ (ਨਾ ਹੀ ਉਹ ਦੇਖ ਸਕਦੇ ਹਨ) ਜਿਸ ਨਿਗਾਹ ਨਾਲ ਕਿ ਨਿਰੰਕਾਰੀ ਗੁਰੂ ਸਾਹਿਬ ਨੇ ਪੇਖਿਆ-ਪਰਖਿਆ ਹੈ ਅਤੇ ਅਨੇਕਾਂ ਗੁਰੂ-ਘਰ ਦੇ ਪਹੁੰਚੇ ਹੋਏ ਪੁਗ ਚੁਕੇ ਗੁਰਮੁਖ ਜਨਾਂ ਨੂੰ ਸਤਿਗੁਰਾਂ ਦੀ ਕਿਰਪਾ-ਦ੍ਰਿਸ਼ਟੀ ਨੇ ਪੇਖਾਇਆ ਪਰਤੱਖਾਇਆ ਹੈ। ਫੇਰ ਭੀ ਜੇ ਅਪਤੀਜਣ-ਹਾਰੇ ਨ ਪਤੀਤਣ ਤਾਂ ਕਿਸੇ ਦਾ ਕੀ ਕਸੂਰ !

ਵਾਹਿਗੁਰੂ ਦੀ ਹਸਤੀ ਨੂੰ ਜੇ ਉਹ ਬੱਧੇ ਰੁੱਧੇ



www.AKJ.Org

ਮੰਨ ਭੀ ਜਾਣ ਤਾਂ ਉਹ ਵਾਹਿਗੁਰੂ ਦੀ ਦਰਗਾਹ ਨੂੰ ਉੱਕਾ ਹੀ ਨਹੀਂ ਮੰਨਦੇ। ਅਗੇ ਨੂੰ ਯਾ ਅਗਲੀ ਅਗੰਮੀ ਵਸਦੀ ਦੁਨੀਆ ਨੂੰ ਤਾਂ ਉਹ ਅਜੇ ਭੀ ਇਕ ਫ਼ਸਾਨਾ ਹੀ ਸਮਝਦੇ ਹਨ। ਉਨ੍ਹਾਂ ਦੇ ਭਾ ਦਾ ਨਾ ਕੋਈ ਅੱਗਾ ਹੈ, ਨਾ ਅਗਲੀ ਦੁਨੀਆ ਹੈ, ਨਾ ਕੋਈ ਕਰਮਾਂ ਦਾ ਵੀਚਾਰ ਹੈ ਤੇ ਨਾ ਕੋਈ ਲੇਖਾ ਲੈਣਹਾਰ ਹੈ। ਨਾ ਧਰਮ ਰਾਇ ਹੈ ਨਾ ਕੋਈ ਜਮ ਜੰਦਾਮ ਹੈ। ਨਾ ਕੋਈ ਨਰਕ ਨਾ ਸੁਰਗ ਬਹਿਸ਼ਤ ਹੈ। ਐਵੇਂ ਸਭ ਖ਼ਾਮ ਖ਼ਿਆਲੀਆਂ ਹੀ ਹਨ। ਪਰ ਗੁਰਸਿਖਾਂ ਨੂੰ ਏਹਨਾਂ ਗੱਲਾਂ ਦੇ ਮੰਨਣੋਂ ਨਾਂਹ ਕਰਨ ਲਈ ਕੋਈ ਥਾਉਂ ਨਹੀਂ, ਜੇ ਕਰ ਗੁਰਬਾਣੀ ਅੰਦਰ ਇਸ ਗੱਲ ਦਾ ਸਬੂਤ ਮਿਲੇ ਕਿ ਇਹ ਸਭ ਕੁਝ ਹੈ। ਧੁਰ ਸਤਿਪੁਰਖ ਅਕਾਲ ਦੀ ਦਰਗਾਹੋਂ ਗੁਰੂ ਸਤਿ ਪੁਰਖਾਂ ਦੁਆਰਾ ਆਈ ਬਾਣੀ ਜੋ ਕੁਝ ਭੀ ਦਰਸਾਉਂਦੀ ਦ੍ਰਿੜ੍ਹਾਉਂਦੀ ਹੈ ਇਹ ਸਭ ਕੁਝ ਸਤਿ ਹੈ ਤੇ ਗੁਰਸਿਖਾਂ ਦੇ ਸਤਿ ਸਤਿ ਕਰ ਮੰਨਣ ਯੋਗ ਹੈ।

ਗੁਰੂ ਸਾਹਿਬਾਨ ਧੁਰੋਂ ਆਏ, ਆਦਿ ਜੁਗਾਦੀ ਸਤਿ ਪੁਰਖ, ਅਕਾਲ ਪੁਰਖ ਦੇ ਗੁਰੱਤਤਾਏ ਹੋਇ ਸਤਿ ਪੁਰਖ ਕੋਈ ਰੋਚਕ, ਭਿਆਨਕ ਕਥਾ ਨਹੀਂ ਕਥਦੇ, ਜੈਸਾ ਕਿ ਕਈ ਇਕ ਖਰੜ ਗਿਆਨੀਆਂ ਦਾ ਚੁੰਚ ਕਥੱਗਰੀ ਖ਼ਿਆਲ ਹੈ, ਉਨ੍ਹਾਂ ਦਾ ਧੁਰ ਕੀ ਬਾਣੀ ਦੁਆਰਾ ਦਰਸਾਇਆ, ਪ੍ਰਗਟਾਇਆ ਹਰ ਇਕ ਅਭਿੱਪਰਾ ਸਤਿ ਹੈ ਤੇ ਸਤਿ ਸਤਿ ਕਰ ਮੰਨਣ ਜੋਗ ਹੈ। ਨਿਰੋਲ ਯਥਾਰਥ ਗਿਆਨ ਹੈ, ਕਿਉਂਕਿ ਭਰਮ ਭਰਾਂਤੀ ਰਾਈ ਮਾਤਰ ਭੀ ਨਹੀਂ। ਸਮਗਰ ਗੁਰ-ਗਿਆਨ ਦ੍ਰਿੜ੍ਹਾਏ ਸਿਧਾਂਤ ਤੇ ਗੁਰਬਾਣੀ ਅੰਦਰ ਆਏ ਗੁਰਮਤਿ-ਗਿਆਨ ਤੋਂ ਸਿਰ ਫੇਰਨਾ ਬੇ-ਸਿਦਕ ਤੇ ਸਰਧਾ-ਹੀਣੇ ਅਸਿਖਾਂ ਦਾ ਕੰਮ ਹੈ, ਪਰ ਬਿਚਾਰੇ ਦੇਖਾ ਦੇਖੀ ਤੇ ਅਣਜਾਣ ਸਿਖਾਂ ਨੂੰ ਇਹ ਭੀ ਪਤਾ ਨਹੀਂ ਕਿ ਸਚਮੁਚ ਗੁਰਬਾਣੀ ਏਹਨਾਂ ਉਪਰ ਟੂਕ ਮਾਤ੍ਰ ਦਸੀਆਂ ਅਸਲੀਅਤਾਂ ਨੂੰ ਦ੍ਰਿੜ੍ਹਦੀ-ਦ੍ਰਿੜ੍ਹਾਉਂਦੀ ਭੀ ਹੈ, ਸੋ ਐਸੇ ਅਣਜਾਣਾਂ ਨੂੰ ਗੁਰਵਾਕਾਂ ਦੇ ਪਰਮਾਣਾਂ ਦੀ ਗੁਰਮਤਿ ਸਿਧਾਂਤੀ ਵਿਆਖਿਆ ਹੀ ਸਿਧੇ ਤੇ ਸਚੇ ਰਸਤੇ ਤੇ ਸਰਧਾ ਸੁਮਾਰਗੀ ਪਰ ਲਿਆਉਣ ਲਈ ਸਮਰਥ ਹੈ, ਇਸ ਲਈ ਗੁਰ-ਪ੍ਰਮਾਣਾਂ ਦੀ ਪ੍ਰੋੜ੍ਹਤਾ ਨਾਲ ਹੀ ਤਿਨ੍ਹਾਂ ਦੇ ਕੱਚੇ ਨਿਸਚਿਆਂ ਨੂੰ ਪੱਕੇ ਕਰਨ ਲਈ ਪਰਮ ਜ਼ਰੂਰੀ ਸਮਝ ਕੇ ਸਮੁਚੀ ਵੀਚਾਰ ਗੁਰ-ਪ੍ਰਮਾਣਾਂ ਦੇ ਅਧਾਰ ਪਰ ਹੀ ਰਖੀ ਗਈ ਹੈ :—

ਨਿਤਾ ਪ੍ਰਤੀ ਅਸੀਂ ਕੀਰਤਨ ਸੋਹਿਲੇ ਦਾ ਪਾਠ ਕਰਦੇ ਹੋਏ ਇਹ ਤੁਕ ਪੜ੍ਹਦੇ ਹਾਂ :—

"ਈਹਾ ਖਾਟਿ ਚਲਹੁ ਹਰਿ ਲਾਹਾ, ਆਗੈ ਬਸਨੁ ਸੁਹੇਲਾ।"

ਜੋ ਗੁਰਸਿਖ ਹੋ ਕੇ ਇਸ ਗੁਰਵਾਕ ਦੀ ਸਚਾਈ ਤੇ ਨਹੀਂ ਪਤੀਜਦੇ, ਕੀ ਉਨ੍ਹਾਂ ਉਤੇ ਸਿਖ ਪਦ ਸੱਚੇ ਅਰਥਾਂ ਵਿਚ ਘਟ ਸਕਦਾ ਹੈ! ਅੱਗਾ ਹੈ, ਪਰ ਅਗੇ ਜਾ ਕੇ ਵਸਣਾ ਉਨ੍ਹਾਂ ਦਾ ਹੀ ਸੁਹੇਲਾ ਹੈ, ਜਿਨ੍ਹਾਂ ਨੇ ਏਸ ਦੁਨੀਆ ਵਿਚ ਰਹਿ ਕੇ ਸੱਚਾ ਲਾਹਾ, ਹਰਿ-ਲਾਹਾ, ਹਰਿ ਨਾਮ ਜਪਣ ਦਾ ਲਾਹਾ, ਸੱਚੀ ਗੁਰਮਤਿ-ਨਾਮ-ਅਭਿਆਸ ਕਮਾਈ ਦਾ ਲਾਹਾ ਖਟਿਆ ਕਮਾਇਆ ਹੈ। ਇਹ ਗੁਰਵਾਕ ਸਪੱਸ਼ਟ ਦਸਦਾ ਹੈ ਕਿ ਅੱਗਾ ਹੈ, ਕੇਵਲ "ਅੱਗਾ" ਹੈ ਹੀ ਨਹੀਂ, ਸਗੋਂ "ਅੱਗਾ" ਉਹ ਸਚਾ ਅਸਥਾਨ ਹੈ ਜਿਥੇ ਜਾ ਕੇ ਅਸੀਂ ਵਸਣਾ ਹੈ। ਅਰ ਅਗੇ ਵਸਣਾ ਤਿਨ੍ਹਾਂ ਗੁਰਮੁਖ ਨਾਮ-ਅਭਿਆਸੀ ਜਨਾਂ ਦਾ ਹੀ ਸਫਲਾ, ਸੁਹੇਲਾ ਹੈ, ਜਿਨ੍ਹਾਂ ਨੇ ਮਨੁੱਖਾ ਜਨਮ ਪਾਇ ਕੇ ਗੁਰ-ਦੀਖਤ ਹੋਇ ਗੁਰਸਿੱਖ ਬਣ ਤੇ ਸੱਚੀਆਂ ਨਾਮ-ਕਮਾਈਆਂ ਦੇ ਸਚੇ ਅਤੇ ਅਤੁੱਟ ਲਾਹੇ ਲਏ ਹਨ। ਤਿਨ੍ਹਾਂ ਗੁਰਮੁਖਾਂ ਨੂੰ ਇਸ ਦੁਨੀਆ ਅੰਦਰ ਰਹਿੰਦਿਆਂ "ਆਗੈ ਬਸਨੁ ਸੁਹੇਲਾ" ਦਾ ਅਮੰਨਾ ਆ ਜਾਂਦਾ ਹੈ। ਇਕ ਵਾਰ ਅਮੰਨਾ ਆ ਕੇ ਫੇਰ ਗੁਰਬਾਣੀ ਦਰਸਾਈਆਂ ਸਾਰੀਆਂ ਹੀ ਹਕੀਕਤਾਂ ਤੇ ਸੱਚਾ ਈਮਾਨ ਇਸਥਿਤ ਹੋ ਜਾਂਦਾ ਹੈ। ਉਨ੍ਹਾਂ ਨੂੰ ਇਹ ਭੀ ਭਰੋਸਾ ਹੋ ਜਾਂਦਾ ਹੈ ਕਿ ਇਹ ਜੋ ਅਗੇ ਵਸਣ, ਸੁਹੇਲੇ ਵਸਣ ਵਾਲਾ ਵਾਸਾ ਹੈ, ਅਕਾਲ ਪੁਰਖ ਦੇ ਨਿਜ ਘਰ ਮਹਿਲਾਂ ਦਾ ਵਾਸਾ ਹੈ, ਤੇ ਸੁਖ ਸਹਿਜ ਵਾਸਾ ਹੈ। ਕਿਉਂਕਿ ਏਸੇ ਕੀਰਤਨ ਸੋਹਿਲੇ ਦੀ ਬਾਣੀ ਵਿਚ ਅਗਲੇਰੀ ਤੁਕ ਇਹ ਨਿਸਚਾ ਕਰਾਉਂਦੀ ਹੈ ਕਿ :—

"ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ
ਬਹੁਰਿ ਨ ਹੋਇਗੋ ਫੇਰਾ॥"

ਇਹ ਵਾਕ ਦਸਦਾ ਹੈ ਕਿ ਗੁਰਮਤਿ-ਨਾਮ ਅਰਾਧਣ ਵਾਲਿਆਂ ਨੂੰ ਆਪਣੇ ਨਿਜ ਘਰ, ਆਪਣੀ ਨਿਜ-ਕਾਇਆਂ ਅੰਦਰ ਹੀ ਮਹਲੀ-ਵਾਹਿਗੁਰੂ ਦੇ ਮਹਿਲ ਦਾ ਸੁਖ ਸਹਿਜ ਸੇਤੀ ਹੀ ਪਾਵਣਾ ਪ੍ਰਾਪਤ ਹੋ ਜਾਂਦਾ ਹੈ। ਐਸੇ ਸੁਖ ਸਹਿਜ



www.AKJ.Org

ਸੇਤੀ ਨਿਜ ਘਰ ਵਿਚ ਵਾਹਿਗੁਰੂ ਮਹਲੀਸ਼ਰ ਦਾ ਮਹਿਲ ਪਾਵਣ-ਹਾਰਿਆਂ ਦਾ ਜਨਮ ਮਰਨ ਸਗਲਾ ਮਿਟ ਜਾਂਦਾ ਹੈ। ਉਹਨਾਂ ਦਾ ਫੇਰ ਇਸ ਸੰਸਾਰ ਵਿਚ ਆਉਣਾ ਜਾਣਾ ਅਰਥਾਤ ਫੇਰਾ ਨਹੀਂ ਹੁੰਦਾ। ਗੁਰੂ ਕਰਤਾਰ ਦੀ ਕਿਰਪਾ ਨਾਲ ਹੀ ਇਹ ਆਉਣਾ ਜਾਣਾ (ਆਵਾ-ਗਵਨ) ਮਿਟਦਾ ਹੈ। ਗੁਰੂ ਕਰਤਾਰ ਦੇ ਪ੍ਰਤਾਪ ਕਰ ਹੀ ਵਾਹਿਗੁਰੂ ਦਾ ਤੇ ਵਾਹਿਗੁਰੂ ਦੇ ਮਹਿਲ ਦਾ ਮਨ ਵਿਖੇ ਵਸੇਰਾ ਹੁੰਦਾ ਹੈ। ਪਰ ਉਸ ਵਥ ਵਿਹਾਜੀ ਤੋਂ ਹੁੰਦਾ ਹੈ ਜਿਸ ਦੀ ਖ਼ਾਤਰ ਇਹ ਮਨੁਖਾ ਦੇਹ ਜਨਮ ਧਾਰ ਕੇ ਏਥੇ ਆਏ ਹਾਂ, ਅਰਥਾਤ ਨਾਮ-ਕਮਾਈਆਂ ਕਰਕੇ ਨਾਮ ਕਮਾਈਆਂ ਦਾ ਸਚਾ ਸੌਦਾ ਵਿਹਾਜ ਕੇ ਹੁੰਦਾ ਹੈ। ਜਿਹਾ ਕਿ ਉਪਰਲੇ ਗੁਰਵਾਕ ਦੀ ਪਹਿਲੀ ਤੁਕ ਦਰਸਾਉਂਦੀ ਹੈ :—

"ਜਾ ਕਉ ਆਏ ਸੋਈ ਬਿਹਾਝਹੁ
ਹਰਿ ਗੁਰ ਤੇ ਮਨਹਿ ਬਸੇਰਾ ॥"

ਇਨ੍ਹਾਂ ਤੁਕਾਂ ਤੋਂ ਨਾ ਕੇਵਲ "ਹਰਿ ਗੁਰ ਤੇ ਮਨਹਿ ਬਸੇਰਾ" ਤੇ "ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ" ਵਾਲਾ ਗੁਰਮਤਿ ਸਿਧਾਂਤ ਸਿਧ ਹੋਇਆ ਬਲਕਿ "ਬਹੁਰਿ ਨ ਹੋਇਗੋ ਫੇਰਾ" ਦਾ ਪੂਰਨ ਯਕੀਨ ਭੀ ਆਉਂਦਾ ਹੈ। ਜੋ ਇਸ ਗੱਲ ਨੂੰ ਭੀ ਨਿਸਚਤ ਕਰਾਉਂਦਾ ਹੈ ਕਿ ਆਵਾ-ਗਵਨ ਦਾ ਅਸੂਲ ਭੀ ਗੁਰਮਤਿ ਅੰਦਰ ਅਪਣਾਇਆ ਗਿਆ ਹੈ ਅਤੇ ਸਤਿ ਜਣਾਇਆ ਗਿਆ ਹੈ ਕਿ ਜੋ ਮਨਮੁਖ ਅਨਮਤੀ ਅਨਮਤੀਏ, 'ਗੁਰਮੁਖਿ-ਨਾਮ' ਨਹੀਂ ਜਪਦੇ ਤਿਨ੍ਹਾਂ ਚੁਰਾਸੀ ਦੇ ਜੀਵਾਂ ਨੂੰ ਜ਼ਰੂਰ ਜੂਨਾਂ ਦੇ ਗਉਣੀ ਪੁਆੜੇ ਵਿਚ ਪੈਣਾ ਪੈਂਦਾ ਹੈ। ਇਹ ਆਵਾ ਗਉਣੀ ਪੁਆੜੇ ਤਦੇ ਹੀ ਮਿਟਦੇ ਹਨ, ਜੇ ਗੁਰਮਤਿ-ਨਾਮ ਅਰਾਧ ਕੇ ਨਿਜ ਘਰ ਮਹਿਲੀ, ਅਗਾਧ ਸਹਿਜ ਸਮਾਧ ਵਿਚ ਇਸਥਿਤੀ ਹੋ ਜਾਵੇ। ਜਿਥੇ ਪਹੁੰਚ ਕੇ ਅਰਥਾਤ ਜਿਸ ਪੁਗਣੀ ਪੁਗ ਕੇ ਸਚੀਆਂ ਵਡਿਆਈਆਂ ਮਿਲਦੀਆਂ ਹਨ ਅਤੇ "ਸਦ ਖੁਸੀਆਂ ਸਦ ਚਾਉ" ਵਾਲੇ ਸਚੇ ਅਨੰਦ ਅਹਿਲਾਦੀ ਲਾਹੇ ਮਿਲਦੇ ਹਨ, ਅਤੇ ਮੁਖ ਉਜਲ ਹੁੰਦੇ ਹਨ। ਮੁਖ ਉਜਲਤਾਈਆਂ ਦੇ ਟਿਕੇ ਤਿਨ੍ਹਾਂ ਗੁਰਮੁਖਾਂ ਦੇ ਮੁਖ ਤੇ ਨਿਕਲਦੇ ਹਨ, ਜਿਨ੍ਹਾਂ ਦੇ ਮਨਾਂ ਅੰਦਰ ਸਚੇ ਨਾਮ ਦਾ ਨਿਵਾਸ ਧੁਰ ਤਾਈਂ ਓੜ ਨਿਭਦਾ ਹੈ। ਯਥਾ ਗੁਰਵਾਕ :—

"ਤਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ ॥ ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ ॥" [ਸਿਰੀ ਰਾਗ ਮ: ੧, ਪੰਨਾ ੧੬

ਪਰ ਨਾਮ-ਹੀਣੇ ਮਨਮੁਖ ਇਨ੍ਹਾਂ ਮੁਖ ਉਜਲ-ਟੀਕ-ਵਡਿਆਈਆਂ ਤੋਂ ਖ਼ਾਲੀ ਹੀ ਰਹਿ ਜਾਂਦੇ ਹਨ, ਉਨ੍ਹਾਂ ਨੂੰ ਅਗੇ ਜਾ ਕੇ ਪਤਾ ਲਗੂ ਕਿ ਉਹ ਸਚਮੁਚ ਨਾਮ-ਵਿਹੂਣ ਇਸ ਵਡਿਆਈ ਤੋਂ ਸਖਣੇ ਰਹਿ ਗਏ ਹਨ, ਉਨ੍ਹਾਂ ਦਾ ਮਨੁਖਾ ਜਨਮ ਐਵੇਂ ਅਕਾਰਥ ਹੀ ਗਿਆ। ਯਥਾ ਗੁਰਵਾਕ :—

ਅਗੈ ਗਇਆ ਜਾਣੀਅਹਿ ਵਿਣੁ ਨਾਵੈ ਵੇਕਾਰ ॥੩॥ [ਸਿਰੀ ਰਾਗ ਮਹਲਾ ੧, ਪੰਨਾ ੧੬

ਮਨਮੁਖਾਂ ਨੂੰ ਤਾਂ ਅਗੇ ਜਾ ਕੇ ਹੀ ਅੱਗੇ ਦਾ ਤੇ ਅੱਗੇ ਦੇ ਵਰਤਾਰੇ ਦਾ ਪਤਾ ਲਗੇਗਾ, ਪ੍ਰੰਤੂ ਪ੍ਰਤੀਤ ਵਾਲੇ ਗੁਰਮੁਖਾਂ ਨੂੰ ਇਸ ਅੱਗੇ ਦੀ ਏਥੇ ਹੀ ਖ਼ਬਰ ਤੇ ਪਤੀਜ ਹੈ। ਮਨਮੁਖਾਂ ਦੀਆਂ ਸਭ ਸਿਆਣਪਾਂ ਚਤਰਾਈਆਂ ਕਰ ਕੇ ਉਨ੍ਹਾਂ ਦੀ ਨਾਮ ਉਤੇ ਪਰਤੀਤ ਨਹੀਂ ਆਉਂਦੀ ਤੇ ਨਾ ਹੀ ਅਗੇ ਦੀ ਪਤੀਜ ਉਪਜਦੀ ਹੈ। ਬਸ ਉਹ ਐਥੋਂ ਖ਼ਾਲੀ ਹਥ ਰੋਂਦੇ ਹੀ ਉਠ ਜਾਣਗੇ ਤੇ ਅਗਲੀ ਦੁਨੀਆ ਨੂੰ ਲਦ ਜਾਣਗੇ। ਅਗਲੀ ਦਰਗਾਹ ਵਿਚ ਗਇਆਂ ਹੀ ਉਨ੍ਹਾਂ ਨੂੰ ਪਤਾ ਲਗੂ ਕਿ ਨਾਮ ਵਿਸਾਰਿਆਂ ਅਗਲੀ ਦਰਗਾਹ ਗਇਆਂ ਉਨ੍ਹਾਂ ਨਾਲ ਕੀ ਬਣੇਗੀ ਤੇ ਓਥੇ ਕੀ ਬਣਦੀ ਹੈ। ਯਥਾ ਗੁਰਵਾਕ :—

"ਨਰਕਿ ਪਰਹਿ ਤੇ ਮਾਨਈ, ਜੋ ਹਰਿ ਨਾਮ ਉਦਾਸ ॥" [ਸਲੋਕ ਕਬੀਰ ਜੀ, ਪੰਨਾ ੧੩੬੯

"ਜਲੀਆ ਸਭਿ ਸਿਆਣਪਾ, ਉਠੀ ਚਲਿਆ ਰੋਇ ॥ ਨਾਨਕ ਨਾਮਿ ਵਿਸਾਰਿਐ, ਦਰਿ ਗਇਆ ਕਿਆ ਹੋਇ" ॥੪॥੮॥ [ਸਿਰੀ ਰਾਗ ਮ: ੧

ਨਾਮ ਤੋਂ ਬਿਨਾਂ ਜਿਤਨੇ ਭੀ ਜਪ ਤਪ ਸੰਜਮੀ ਅਨਮਤਾਂ ਵਾਲੇ ਸੀਂਗਾਰ ਹਨ ਏਨ੍ਹਾਂ ਦੁਆਰਾ ਪਿਰੀ ਪ੍ਰੀਤਮ ਦੀ ਪ੍ਰਾਪਤੀ ਨਹੀਂ ਹੁੰਦੀ। ਪਿਰ ਬਿਨ ਸੀਂਗਾਰ ਸਭ ਬਿਰਥੇ ਹਨ, ਤਿਨ੍ਹਾਂ ਦੇ ਕਰਨ-ਹਾਰਿਆਂ ਨੂੰ ਦਰਿ ਢੋਈ ਨਹੀਂ ਮਿਲਦੀ। ਇਸ ਤਰ੍ਹਾਂ ਦਾ ਝੂਠਾ ਸੀਂਗਾਰ ਦਰਗਾਹ ਵਿਚ ਖੁਆਰ ਕਰਨਹਾਰਾ ਹੈ। ਯਥਾ ਗੁਰਵਾਕ:—

ਮੁੰਧੇ ਪਿਰ ਬਿਨੁ ਕਿਆ ਸੀਗਾਰੁ ॥ ਦਰਿ ਘਰਿ ਢੋਈ ਨ ਲਹੈ, ਦਰਗਹ ਝੂਠੁ ਖੁਆਰੁ ॥੫॥੧੩॥
[ਸਿਰੀ ਰਾਗ ਮਹਲਾ ੧, ਪੰਨਾ ੧੮


www.AKJ.Org

ਨਾਮ ਵਿਸਾਰਨ-ਹਾਰੇ ਅੰਧਲੇ ਮੂਰਖ ਗਾਵਾਰ ਮਨਮੁਖੀਏ ਪੁਰਸ਼ ਅੰਧ-ਧੁੰਦ ਗੁਬਾਰ ਵਿਚ ਹੀ ਫਿਰਦੇ ਰਹਿੰਦੇ ਹਨ; ਤਿਨ੍ਹਾਂ ਦਾ ਆਵਣ ਜਾਣ ਨਹੀਂ ਚੁਕਦਾ, ਉਹ ਮੁੜ ਮੁੜ ਜੰਮ ਜੰਮ ਤੇ ਮਰਿ ਮਰਿ ਕੇ ਜੂਨੀਆਂ ਵਿਚ ਖੁਆਰ ਹੀ ਹੁੰਦੇ ਰਹਿੰਦੇ ਹਨ। ਯਥਾ ਗੁਰਵਾਕ :—

"ਅੰਧੁਲੈ ਨਾਮੁ ਵਿਸਾਰਿਆ, ਮਨਮੁਖਿ ਅੰਧ ਗੁਬਾਰੁ ॥ ਆਵਣੁ ਜਾਣੁ ਨ ਚੁਕਈ, ਮਰਿ ਜਨਮੈ ਹੋਇ ਖੁਆਰੁ ॥" [ਸਿਰੀ ਰਾਗ ਮ: ੧

ਇਸ ਗੁਰਵਾਕ ਦੁਆਰਾ ਗੁਰਮਤਿ ਦਾ ਆਵਾ-ਗਵਨੀ ਮਸਲਾ ਭੀ ਪਰਸਿੱਧ ਤੇ ਤਸਲੀਮ ਹੈ। ਆਵਾ-ਗਉਣ ਦੇ ਅਸੂਲ ਤੋਂ ਕੋਈ ਸਿਖ ਸਿਰ ਫੇਰ ਨਹੀਂ ਸਕਦਾ। ਜਨਮ-ਜੋਨੀਆਂ ਵਿਚ ਭਉਣਾ ਹੀ ਪੈਂਦਾ ਹੈ ਤੇ ਛੁਟਕਾਰਾ ਗੁਰਮਤਿ ਨਾਮ ਜਪਿਆਂ ਹੀ ਹੁੰਦਾ ਹੈ। ਨਾਮ ਜਪਣ ਦੀ ਸਚੀ ਕਾਰੇ ਲਗਿਆਂ ਹੀ ਹੁੰਦਾ ਹੈ। ਨਾਮ ਦੀ ਸੱਚੀ ਕਾਰ ਕਮਾਈ ਅਭਿਆਸ ਸੇਵਾ ਦੇ ਪ੍ਰਤਾਪ ਕਰ ਸਚ ਦੀ (ਸਚੇ ਵਾਹਿਗੁਰੂ) ਦੀ ਪ੍ਰਾਪਤੀ ਹੁੰਦੀ ਹੈ। ਇਹ ਵਾਹਿਗੁਰੂ ਰੂਪੀ ਸਚ ਪਦਾਰਥ ਗੁਰਮਤਿ ਦੁਆਰਾ ਹੀ ਪੱਲੇ ਪੈਂਦਾ ਹੈ, ਐਵੇਂ ਨਹੀਂ। ਜਿਸ ਦੇ ਇਹ ਪਦਾਰਥ ਪਲੇ ਪਿਆ ਹੈ, ਉਹ ਜੀਵਨ-ਮੁਕਤ ਹੋ ਜਾਂਦਾ ਹੈ, ਉਹ ਜਨਮ ਰਹਿਤ ਹੋ ਜਾਂਦਾ ਹੈ, ਜੂਨਾਂ ਵਿਚ ਨਹੀਂ ਪੈਂਦਾ। ਉਹ ਉਜਲ ਮੁਖ ਲੈ ਕੇ ਜਾਂਦਾ ਹੈ ਤੇ ਹਰਿ-ਦਰਗਾਹੇ ਖ਼ਾਸ ਦਰ-ਪਰਵਾਨੀ, ਦਰ-ਪ੍ਰਧਾਨੀ ਸਿਰੋਪਾਉ ਸੇਤੀ ਪੈਧਾ (ਪਹਿਨਾਇਆ) ਜਾਂਦਾ ਹੈ। ਯਥਾ ਗੁਰਵਾਕ :—

ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ ॥
ਸੋ ਨਰੁ ਜੰਮੈ ਨਾ ਮਰੈ, ਨਾ ਆਵੈ ਨਾ ਜਾਇ ॥
ਨਾਨਕ ਦਰਿ ਪਰਧਾਨੁ ਸੋ, ਦਰਗਹਿ ਪੈਧਾ ਜਾਇ ॥
[ਸਿਰੀ ਰਾਗ ਮਹਲਾ ੧, ਪੰਨਾ ੧੯

ਇਹ ਗੁਰਵਾਕ ਗੁਰਮਤਿ ਦੇ ਦੋ ਅਸੂਲ ਪਰਵਾਨਦਾ ਹੈ :
(੧) ਆਵਾ ਗਉਣ ਦੇ ਮਸਲੇ ਵਾਲਾ।
(੨) ਹਰਿ ਦਰਗਹਿ ਦੀ ਸਤਤਾ ਵਾਲਾ।

ਸਤਿਗੁਰ ਦੀ ਸਚੀ ਸੇਵਾ ਸਤਿਗੁਰੂ ਦ੍ਰਿੜਾਈ ਦੀਖਸ਼ਾਈ ਭਗਤੀ ਹੈ। ਗੁਰ-ਦੀਖਿਆ ਗੁਰਮੰਤ੍ਰ ਗੁਰਮਤਿ ਨਾਮ ਦੀ ਅਭਿਆਸ ਕਮਾਈ ਕਰਨਾ ਮਾਨੋ ਸਤਿਗੁਰੂ ਦੀ ਸਚੀ ਸੇਵਾ ਵਿਖੇ ਤਤਪਰ ਹੋਣਾ ਹੈ। ਜੋ ਗੁਰਮੁਖ ਸਤਿਗੁਰ ਦੀ ਇਸ ਸਚੀ ਸੇਵਾ ਕਮਾਈ ਵਿਚ ਸਦਾ ਤਤਪਰ ਰਹਿੰਦਾ ਹੈ, ਤਿਸ ਵਿਟਹੁ ਸਤਿਗੁਰੂ ਸਚੇ ਪਾਤਸ਼ਾਹ ਵਾਰਨੇ ਬਲਿਹਾਰਨੇ ਜਾਂਦੇ ਹਨ। ਤਿਸ ਗੁਰਮੁਖ ਨੂੰ ਵਾਹਿਗੁਰੂ ਜੀ ਦੀ ਦਰਗਾਹ ਵਿਚ ਖੁਲ੍ਹੇ ਦਰਵਾਜ਼ੀਂ ਲੈ ਜਾਇਆ ਜਾਂਦਾ ਹੈ। ਜਿਥੇ ਲੈ ਜਾ ਕੇ ਸਚੀ ਮਾਨ ਪਰਤਿਸ਼ਟਾ ਦਾ ਸਿਰੋਪਾਉ ਪਹਿਨਾਇਆ ਜਾਂਦਾ ਹੈ। ਧੁਰ-ਦਰਗਾਹੀ ਹਜ਼ੂਰੀ ਵਿਚ ਪਹੁੰਚ ਕੇ ਮੁਖ-ਨਾਮ-ਨਿਵਾਸੀ ਅਭਿਆਸੀ ਜਨ ਦਾ ਨਾਮ ਵਿਚ ਹੀ ਨਿਵਾਸ ਰਹਿੰਦਾ ਹੈ। ਯਥਾ ਗੁਰਵਾਕ :—

ਸਤਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ ॥
ਖੜਿ ਦਰਗਹ ਪੈਨਾਈਐ ਮੁਖਿ ਹਰਿ ਨਾਮ ਨਿਵਾਸੁ ॥
[ਸਿਰੀ ਰਾਗ ਮ: ੧, ਪੰਨਾ ੨੧

ਨਾਮ-ਨਿਵਾਸੀ ਪਿਆਰਿਆਂ ਨੂੰ ਇਕ ਤਿਲ ਭੀ ਜੇ ਨਾਮ ਵਿਸਰ ਜਾਏ ਤਾਂ ਤਿਨ੍ਹਾਂ ਦਾ ਮਰਨ ਹੋ ਜਾਂਦਾ ਹੈ। ਲਾਖ ਵੇਦਨ ਵੇਦਨਾਈ ਜਿੱਡਾ ਵੱਡਾ ਰੋਗ ਤਿਨ੍ਹਾਂ ਨੂੰ ਇਕ ਤਿਲ ਮਾਤਰ ਦੇ ਵਿਛੋੜੇ ਵਿਚ ਪ੍ਰਤੀਤ ਹੁੰਦਾ ਹੈ। ਤਾਂ ਤੇ ਉਹ ਨ ਜੀਉਂਦੇ ਤੇ ਨ ਹਰਿ ਦਰਗਹਿ ਪਰਵਾਨ ਹੋ ਕੇ, ਨਾਮ ਅਭਿਆਸ ਭਾਉ ਭਗਤੀ ਛਡਦੇ ਹਨ। ਜਿਨ੍ਹਾਂ ਦੇ ਐਥੇ ਉਥੇ ਦੋਹੀਂ ਥਾਈਂ ਨਾਮ ਅਭਿਆਸ ਦਾ ਖਿਨ ਖਿਨ ਨਿਵਾਸ ਨਹੀਂ ਰਹਿੰਦਾ ਤਿਨ੍ਹਾਂ ਨੂੰ ਹਰਿ ਦਰਗਾਹ ਸਿਰੋਪਾਉ ਸਿਰਖਾਸੀਆ ਸਚੜਾ ਮਾਨ ਨਹੀਂ ਮਿਲਦਾ। ਯਥਾ ਗੁਰਵਾਕ :—

ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਹਿ ॥ ਕਿਉ ਦਰਗਹ ਪਤਿ ਪਾਈਐ ਜਾ ਹਰਿ ਨ ਵਸੈ ਮਨ ਮਾਹਿ ॥......ਨਾਨਕ ਸਤਗੁਰੁ ਮੀਤੁ ਕਰਿ ਸਚੁ ਪਾਵਹਿ ਦਰਗਹ ਜਾਇ ॥੪॥੨੦॥
[ਸਿਰੀ ਰਾਗ ਮਹਲਾ ੧, ਪੰਨਾ ੨੧-੨੨

ਸਿਧ ਹੋਇਆ ਕਿ ਸਚੀ ਦਰਗਾਹ ਹੈ। ਇਸ ਸਚੀ ਦਰਗਾਹ ਦੀ ਹੋਂਦ-ਹਸਤੀ ਤੋਂ ਕੋਈ ਸਿਖ ਮਾਤਰ ਇਨਕਾਰ ਨਹੀਂ ਕਰ ਸਕਦਾ। ਇਹ ਸੱਚੀ ਦਰਗਾਹ ਪਰਲੋਕ ਵਿਚ ਹੈ ਤੇ ਏਸ ਲੋਕ ਤੋਂ ਪਰੇਡੇ ਅਗਲੇ ਲੋਕ ਵਿਚ ਹੈ। ਸੋ ਗੁਰਮਤਿ ਸਿਧਾਂਤ ਅਨੁਸਾਰ ਅਗਾ ਸਿਧ ਹੋਇਆ ਤੇ ਜ਼ਰੂਰ ਹੋਇਆ, ਪਰ ਏਸ ਸਚੀ ਦਰਗਾਹ ਦਾ ਜ਼ਹੂਰ ਸਚੇ ਸਤਿਗੁਰੂ ਨੂੰ ਮੀਤ ਸਖਾ ਬਣਾਇਆਂ ਹੀ


www.AKJ.Org

ਹੁੰਦਾ ਹੈ। ਸਚਾ ਸਤਿਗੁਰੂ ਤਿਨ੍ਹਾਂ ਦਾ ਹੀ ਮੀਤ ਸਖਾ ਬਣਦਾ ਹੈ ਜੋ ਉਸ ਦੇ ਆਗਿਆਕਾਰੀ ਹੁਕਮ ਰਜ਼ਾਈ ਚਲਣ-ਹਾਰੇ ਗੁਰਸਿਖ ਪਿਆਰੇ ਹਨ। ਆਗਿਆਕਾਰੀ ਹੁਕਮ ਰਜ਼ਾਕਾਰੀ ਉਹੀ ਗੁਰਮੁਖ ਜਨ ਹਨ ਜੋ ਸੁਆਸ ਸੁਆਸ ਵਾਹਿਗੁਰੂ ਨਾਮ ਜਪਦੇ ਹਨ। ਜਿਨ੍ਹਾਂ ਨੇ ਇਸ ਬਿਧ ਸਚੇ ਸਤਿਗੁਰੂ ਨੂੰ ਆਪਣਾ ਮੀਤ ਕੀਤਾ ਹੈ ਤੇ ਸਤਿਗੁਰੂ ਦ੍ਰਿੜ੍ਹਾਇਆ ਨਾਮ ਸੁਆਸ ਸੁਆਸ ਲੀਤਾ ਹੈ। ਉਹ ਸਚੀ ਦਰਗਾਹ ਜਾਇ ਨਿਰਾ ਨਿਵਾਸ ਹੀ ਨਹੀਂ ਪਾਉਂਦੇ, ਸਗੋਂ ਨਾਮ ਨਾਮੀ ਗੁਣਤਾਸ ਮਈ ਸਚੁ (ਸਚੇ-ਵਾਹਿਗੁਰੂ) ਦਾ ਸਨਮੁਖ ਦਰਸ ਵਿਗਾਸ ਭੀ ਪਾਈ ਰਖਦੇ ਹਨ।

ਜਿਹੜੇ ਨਾਮ ਦੇ ਸਚੇ ਵਣਜਾਰੇ ਨਾਮ ਰੂਪੀ ਸਚੇ ਵਖਰ ਨੂੰ ਏਸ ਲੋਕ ਵਿਚ ਰਹਿੰਦੇ ਹੋਏ, ਆਪਣੇ ਹਿਰਦੇ ਅੰਦਰ ਸੰਮ੍ਹਾਲੀ ਰਖਦੇ ਹਨ ਤੇ ਸਾਰੀ ਉਮਰ ਇਸ ਸਚੇ ਸੌਦੇ ਨੂੰ ਵਿਹਾਝਦੇ ਰਹਿੰਦੇ ਹਨ, ਤਿਨ੍ਹਾਂ ਦੀ ਅਗਲੀ ਦੁਨੀਆ ਵਿਚ ਜਾਣ ਸਮੇਂ ਸਚਾ ਸ਼ਾਹ ਸੁਜਾਨ ਆਪ ਸੰਭਾਲ ਕਰ ਲੈਂਦਾ ਹੈ, ਸਣੇ ਸਚੀ ਵਸਤ ਦੇ। ਸਚੇ ਸ਼ਾਹ ਦਾ ਵਸਤ ਨੂੰ ਸਮ੍ਹਾਲਣਾ ਕੀ ਹੈ? ਆਪਣੀ ਨਦਰ ਅੰਦਰ ਥਾਉਂ ਪਾਉਣਾ ਹੈ। ਯਥਾ ਗੁਰਵਾਕ :—

ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥
ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥
ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ ॥
[ਸਿਰੀ ਰਾਗ ਮਹਲਾ ੧, ਪੰਨਾ ੨੨

ਸਿਮਰਨ ਸੇਵਾ ਘਾਲ ਕਮਾਈ ਕੀਤੀ ਜਿਨ੍ਹਾਂ ਦੀ ਇਸ ਦੁਨੀਆ ਵਿਚ ਥਾਇ ਪੈਂਦੀ ਅਤੇ ਤੋੜ-ਨਿਭਣੀ ਨਿਭਦੀ ਹੈ, ਤਿਨ੍ਹਾਂ ਨੂੰ ਸਚਤੇ ਦੀ ਸਚੀ ਦਰਗਾਹ ਵਿਚ ਬੈਠਣ ਨੂੰ ਥਾਉਂ ਮਿਲਦਾ ਹੈ, ਜਿਥੇ ਉਹ ਸਦਾ ਸੁਰਖਰੂ ਹੋ ਕੇ ਰੰਗ-ਰਲੀਆਂ ਮਾਣਦੇ ਤੇ ਲੁੱਡੀਆਂ ਪਾਉਂਦੇ ਹਨ; ਜਿਹਾ ਕਿ :—

ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ
ਬੈਸਣੁ ਪਾਈਐ ॥ ਕਹੁ ਨਾਨਕ ਬਾਹ ਲੁਡਾਈਐ ॥
[ਸਿਰੀ ਰਾਗ ਮ: ੧, ਪੰਨਾ ੨੬]

['ਅਣਡਿਠੀ ਦੁਨੀਆ' ਪੁਸਤਕ ਵਿਚੋਂ]

---

# ਗੁਰੂ ਬਾਬੇ ਦੀ ਚੜ੍ਹਤ ਦਾ ਪੈਸਾ ਮੌਹਰਾ ਹੈ

[ ਵਲੋਂ — ਮੇਜਰ ਪ੍ਰੇਮ ਸਿੰਘ ਜੀ ਰੀਟਾਇਰਡ, ਅੰਮ੍ਰਿਤਸਰ ]

ਇਕ ਵਾਰ ਗੁਰਦੁਆਰਾ ਕਮੇਟੀ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਗ੍ਰੰਥੀ ਸਿੰਘ ਦੀ ਲੋੜ ਪਈ। ਕਮੇਟੀ ਦੇ ਕੁਝ ਮੈਂਬਰਾਂ ਨੂੰ ਸੰਤ ਬਾਬਾ ਸ਼ਾਮ ਸਿੰਘ ਜੀ ਦੇ ਡੇਰੇ ਆ ਕੇ ਸੰਤ ਬਾਬਾ ਜੀ ਪਾਸੋਂ ਭਾਈ ਠਾਕੁਰ ਸਿੰਘ ਜੀ ਦੀ ਗ੍ਰੰਥੀ ਦੀ ਸੇਵਾ ਲਈ ਮੰਗ ਕੀਤੀ। ਤਾਂ ਆਪ ਜੀ ਨੇ ਬਚਨ ਕੀਤਾ ਕਿ ਉਸ ਪਾਸੋਂ ਪੁੱਛ ਲਵੋ, ਜਾਣਾ ਚਾਹੇ ਤਾਂ ਬੇਸ਼ਕ ਚਲਿਆ ਜਾਏ। ਭਾਈ ਠਾਕੁਰ ਸਿੰਘ ਜੀ ਨੇ ਕਮੇਟੀ ਨੂੰ ਇਹ ਉੱਤਰ ਦਿਤਾ ਕਿ ਦਾਸ ਸੰਤਾਂ ਦੇ ਡੇਰੇ ਦੀ ਸੇਵਾ ਨਹੀਂ ਛਡ ਸਕਦਾ। ਤੇ ਆਪ ਨਾ ਗਏ। ਪਰ ਸੰਤਾਂ ਦੇ ਗੁਰਪੁਰੀ ਚੜ੍ਹਾਈ ਕਰਨ ਤੋਂ ਲਗਪਗ ਅੱਠ ਮਹੀਨੇ ਪਿਛੋਂ ਭਾਈ ਠਾਕੁਰ ਸਿੰਘ ਜੀ ਨੂੰ, ਕਮੇਟੀ ਵਲੋਂ ਸ੍ਰੀ ਦਰਬਾਰ ਸਾਹਿਬ ਜੀ ਦੇ ਗ੍ਰੰਥੀ ਮੁਕੱਰਰ ਕਰਨ ਦੀ ਫਰ ਚਿੱਠੀ ਆਈ। ਜਦੋਂ ਭਾਈ ਗੋਬਿੰਦ ਸ਼ਾਹ ਸਿੰਘ ਜੀ ਨੇ, ਸ੍ਰੀ ਮਾਨ ਸੰਤ ਬਾਬਾ ਗੁਰਮੁਖ ਸਿੰਘ ਜੀ ਨੂੰ ਕਥਾ ਕਰਨ ਤੋਂ ਪਿਛੋਂ ਇਹ ਖ਼ਬਰ ਦਿਤੀ ਤਾਂ ਸੰਤਾਂ ਨੇ ਭਾਈ ਸਾਹਿਬ ਜੀ ਨੂੰ ਇਹ ਸਿਖਿਆ ਦਿਤੀ :—

"ਸ੍ਰੀ ਦਰਬਾਰ ਸਾਹਿਬ ਜੀ ਦੀ ਚੜ੍ਹਤ ਦਾ ਪੈਸਾ ਜ਼ਹਿਰ ਸਮਾਨ ਹੈ, ਨਿਰਬਾਹ ਮਾਤਰ ਹੀ ਤੁਸੀਂ ਅੰਗੀਕਾਰ ਕਰਨਾ"। ਫਿਰ ਸੰਤਾਂ ਨੇ ਫ਼ੁਰਮਾਇਆ ਕਿ "ਮੌਹਰਾ ਥੋੜਾ ਭੀ ਮਾਰ ਸੁੱਟਦਾ ਹੈ, ਪਰ ਜੇ ਆਪ ਹੀ ਮੌਹਰੇ ਨੂੰ ਮਾਰ ਕੇ ਔਸ਼ਧੀ ਬਣਾ ਲਈਏ, ਤਦ ਗੁਣ ਕਰਦਾ ਹੈ। ਤੁਸੀਂ ਭਜਨ ਬਾਣੀ ਦੀ ਅਗਨੀ ਵਿਚ ਇਸ ਜ਼ਹਿਰ ਨੂੰ ਭਸਮ ਕਰ ਕੇ ਅੰਮ੍ਰਿਤ ਬਣਾ ਲੈਣਾ, ਪਰ ਜਿਸ ਤਰ੍ਹਾਂ ਮੌਹਰੇ ਨੂੰ ਮਾਰ ਕੇ ਔਸ਼ਧੀ ਥੋੜੀ ਹੀ ਖਾਣੀ ਚਾਹੀਦੀ ਹੈ, ਇਸੀ ਤਰ੍ਹਾਂ ਤੁਸੀਂ ਭਸਮ ਕਰ ਕੇ ਭਾਵੇਂ ਇਸ ਜ਼ਹਿਰ ਨੂੰ ਅੰਮ੍ਰਿਤ ਬਣਾ ਲਵੋ, ਪਰ ਫੇਰ ਵੀ ਨਿਰਬਾਹ ਮਾਤਰ ਹੀ ਅੰਗੀਕਾਰ ਕਰਨੀ।"

ਭਾਈ ਠਾਕੁਰ ਸਿੰਘ ਜੀ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਗ੍ਰੰਥੀ ਦੀ ਪਵਿਤ੍ਰ ਸੇਵਾ ਤੇ ਸਤਾਰਾਂ ਵਰ੍ਹੇ ਨੀਅਤ ਰਹੇ।

[ਖ਼ਾਲਸਾ ਸਮਾਚਾਰ ਚੋਂ]



www.AKJ.Org

# ਕੀਰਤਨ ਦਾ ਮਹੱਤਵ

[ ਵਲੋਂ — ਪ੍ਰਿੰਸੀਪਲ ਹਰਿਭਜਨ ਸਿੰਘ ਜੀ, ਅੰਮ੍ਰਿਤਸਰ ]

ਕੀਰਤੀ (ਸੰ: ਕੀਰਤਿ) ਦੇ ਅਰਥ ਹਨ—ਜੱਸ, ਵਡਿਆਈ ਅਥਵਾ ਨੇਕ-ਨਾਮੀ। ਜਿਵੇਂ : "ਜੈ ਘਰਿ ਕੀਰਤਿ ਆਖੀਐ ॥" (ਸੋਹਿਲਾ), ਅਤੇ ਕੀਰਤਨ (ਸੰ:) ਦੇ ਅਰਥ ਹਨ—ਕਥਨ ਅਥਵਾ ਵਿਆਖਿਆਨ । ਪ੍ਰੰਤੂ, ਗੁਰਮਤਿ ਵਿਚ ਸੁਰ, ਲੈਅ ਤੇ ਤਾਲ ਨਾਲ ਰਾਗਾਂ ਵਿਚ ਗੁਰੂ ਬਾਣੀ ਗਾਇਨ ਕਰਨ ਦਾ ਨਾਮ ਕੀਰਤਨ ਹੈ ।

"ਕੀਰਤਨ ਨਾਮੁ ਸਿਮਰਤ ਰਹਉ, ਜਬ ਲਗੁ ਘਟਿ
ਸਾਸੁ ॥" [ਬਿਲਾਵਲ ਮ: ੫

ਹਾਂ, ਰਾਗ ਵਿਚ, ਗੁਰਬਾਣੀ ਦੁਆਰਾ, ਪ੍ਰਭੂ ਦੇ ਗੁਣ ਗਾਇਨ ਕਰਨ ਨੂੰ, ਕੀਰਤਨ ਕਿਹਾ ਗਿਆ ਹੈ।

ਗੁਰਮਤਿ ਵਿਚ ਇਸ ਮਨੋ-ਵਿਗਿਆਨਕ ਸਿਧਾਂਤ ਨੂੰ ਪ੍ਰਧਾਨਤਾ ਦਿੱਤੀ ਗਈ ਹੈ ਕਿ ਜਿਸ ਗੁਣ ਵਾਲੀ ਵਿਅੱਕਤੀ (ਗੁਣੀ) ਦੇ ਦਿਲੋਂ ਵਜੋਂ, ਪ੍ਰੇਮ, ਸਤਿਕਾਰ ਤੇ ਸਿਦਕ ਨਾਲ ਗੁਣ ਗਾਏ ਜਾਣ, ਉਸ "ਗੁਣੀ" ਦੇ ਗੁਣ ਗਾਉਣ ਵਾਲੇ ਦੇ ਮਨ ਵਿਚ ਅਵੱਸ਼ ਆ ਪ੍ਰਵੇਸ਼ ਕਰਦੇ ਹਨ। ਗੁਰਵਾਕ ਹੈ :—

ਸਦਾ ਅਨੰਦ ਰਹਹਿ ਦਿਨ ਰਾਤੀ, ਗੁਣ ਕਹਿ
"ਗੁਣੀ" ਸਮਾਵਣਿਆ ॥ [ਮ: ੩

ਸੰਖੇਪ ਵਿਚ, ਗੁਰਬਾਣੀ ਨੂੰ ਸੰਗੀਤ ਦੁਆਰਾ ਗਾਇਨ ਕਰਨ ਦਾ ਨਾਮ ਕੀਰਤਨ ਹੈ ਅਤੇ ਇਵੇਂ ਪ੍ਰਭੂ ਦੇ ਜੱਸ ਨੂੰ ਗਾਇਨ ਕਰਨਾ ਕੀਰਤਨ-ਭਗਤੀ। ਪੰਜਵੇਂ ਗੁਰਦੇਵ ਜੀ ਦਾ ਇਹ ਫ਼ੁਰਮਾਨ ਇਸ ਨੁਕਤੇ ਨੂੰ ਇਉਂ ਸਪੱਸ਼ਟ ਕਰਦਾ ਹੈ :—

ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾ ॥

ਪ੍ਰਭੂ ਦੇ ਗੁਣ ਗਾਉਣ ਨਾਲ, "ਗੁਣੀ" ਦੇ ਗੁਣਾਂ ਦੀ ਸੰਗਤ ਤੇ ਵਾਹਿਗੁਰੂ ਦੀ ਲਖਤਾ ਹੁੰਦੀ ਹੈ। ਏਸੇ ਲਈ ਗੁਰਬਾਣੀ ਵਿਚ ਪ੍ਰਭੂ ਦੀ ਰਹੱਸਮਈ ਭਗਤੀ ਲਈ 'ਕੀਰਤਨ' ਮਾਰਗ ਨੂੰ ਅਪਣਾਇਆ ਗਿਆ ਹੈ। ਵੇਖੋ, ਵਾਹਿਗੁਰੂ ਦੇ ਸਤਿ ਸਰੂਪ ਵਿਚ ਸਮਾਉਣ ਤੇ ਜਨਮ ਮਰਨ ਦਾ ਗੇੜ, ਮਿਟਾਉਣ ਲਈ ਗੁਰਦੇਵ ਗੁਣ ਗਾਉਣ (ਕੀਰਤਨ) ਨੂੰ ਕਿੰਨਾ ਮਹਾਨ ਦਰਜਾ ਦਿੰਦੇ ਤੇ ਕਿੱਡਾ ਵਡਾ ਵਸੀਲਾ ਬਿਆਨ ਕਰਦੇ ਹਨ :—

ਤੇਰੇ ਗੁਣ ਗਾਵਾ ਦੇਹਿ ਬੁਝਾਈ,
ਜੈਸੇ ਸਚ ਮਹਿ ਰਹਉ ਰਜਾਈ ॥
ਤਥਾ—ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥
ਬਹੁੜਿ ਨ ਜੋਨੀ ਪਾਈਐ ॥
[ਸੋਰਠਿ ਮ: ੫

ਪ੍ਰਭੂ ਦੇ ਗੁਣ ਗਾਉਣ ਅਥਵਾ ਕੀਰਤਨ ਕਰਨ ਦਾ ਜਦੋਂ ਇਸ ਪ੍ਰਕਾਰ ਪ੍ਰਗਟਾਵਾ ਕੀਤਾ ਗਿਆ ਤਾਂ ਸਤਿਗੁਰਾਂ ਨੇ ਇਸਦੀ ਅਪਾਰ ਮਹਿਮਾ ਨੂੰ ਭੀ ਥਾਂ ਥਾਂ ਤੇ ਅਲਾਪਿਆ—

(ੳ) ਕਲਜੁਗ ਮਹਿ ਕੀਰਤਨੁ ਪਰਧਾਨਾ ॥ [ਮਾਰੂ ਮ:੫
(ਅ) ਨਿਰਬਾਨ ਕੀਰਤਨ ਗਾਵਹੁ ਕਰਤੇ ਕਾ, ਨਿਮਖ
ਸਿਮਰਤ ਜਿਤੁ ਛੂਟੈ ॥ [ਸੂਹੀ ਮ: ੫
(ੲ) ਤਹਾਂ ਬੈਕੁੰਠੁ, ਜਹਿ ਕੀਰਤਨੁ ਤੇਰਾ...॥ [ਸੂਹੀ ਮ:੫

ਸਿਖੀ ਵਿਚ ਆਪਣੇ ਸਰੂਪ ਦੀ ਲੱਖਤਾ, ਪ੍ਰਭੂ ਨਾਲ ਇਕ-ਸੁਰਤਾ ਤੇ ਪਰਮ ਪਦ ਦੀ ਪ੍ਰਾਪਤੀ ਲਈ ਸ਼ਬਦ ਸੁਰਤ ਦੇ ਮੇਲ ਉਤੇ ਜ਼ੋਰ ਦਿਤਾ ਗਿਆ ਹੈ। ਸੁਰਤ ਨੇ ਸਬਦ ਵਿਚ ਟਿਕਣਾ ਹੈ। ਇਹ ਕਾਰਜ ਕੀਰਤਨ ਦੁਆਰਾ ਸਹਿਲੇ ਸੰਪੂਰਨ ਹੁੰਦਾ ਹੈ। ਏਸੇ ਲਈ ਗੁਰੂ ਜੀ ਨੇ ਸ਼ਬਦ ਨੂੰ ਗੁਰੂ, ਤੇ ਸੁਰਤ ਨੂੰ ਚੇਲੇ ਦਾ ਸਥਾਨ ਦਿਤਾ ਹੈ।

ਇਸ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਰਾਗ ਵਿਚ ਸੁਰ ਲੈਅ ਤੇ ਤਾਲ ਦੀ ਹੋਂਦ ਕਾਰਨ ਬੜਾ ਬਲ ਹੈ। ਹਰਨ ਦਾ ਘੰਡੇ-ਹੇੜੇ ਦੀ ਤੇ ਸੱਪ ਦਾ ਬੀਨ ਦੀ ਅਵਾਜ਼ ਉਤੇ ਮਸਤ ਹੋਣਾ, ਜਗਤ ਪ੍ਰਸਿਧ ਹੈ। ਮਨੋ ਵਿਗਿਆਨੀਆਂ ਨੇ ਏਥੋਂ ਤਕ ਸਿੱਧ ਕਰ ਵਿਖਾਇਆ ਹੈ ਕਿ ਰਾਗ ਦਾ ਪ੍ਰਭਾਵ ਬਨਾਸਪਤੀ ਵੀ ਕਬੂਲਦੀ ਹੈ। ਤਜਰਬੇ ਦੇ ਤੌਰ ਤੇ ਇਕੋ ਜਿਹੇ ਬੂਟੇ, ਇਕੋ ਜਿਹੇ ਹਾਲਾਤ ਵਿਚ ਪਾਲੇ ਗਏ, ਪ੍ਰੰਤੂ, ਜਿਨ੍ਹਾਂ ਨੂੰ ਦਿਨ ਰਾਤ ਬਾਕਾਇਦਾ ਸਮੇਂ ਦਾ ਰਾਗ ਸੁਣਾਇਆ ਗਿਆ, ਉਹਨਾਂ ਦੀ ਪ੍ਰਗਤੀ ਦੂਜਿਆਂ ਤੋਂ ਕਿਤੇ ਵਧ ਸੀ। ਉੱਨਤ ਦੇਸਾਂ ਵਿਚ ਲਵੇਰੀਆਂ ਨੂੰ ਸੰਗੀਤ ਸੁਣਾ ਕੇ ਉਨ੍ਹਾਂ ਦਾ ਦੁਧ ਚੋਇਆ ਤੇ ਵਧਾਇਆ ਜਾਂਦਾ ਹੈ। ਸੰਗੀਤ ਨਾਲ ਮਨ ਦ੍ਰਵੱਦਾ ਹੈ, ਝੂਮਦਾ ਹੈ, ਰੱਸ ਤੇ ਮਸਤੀ ਵਿਚ ਆਉਂਦਾ ਤੇ ਜੁੜਦਾ ਹੈ। ਪਿਘਲੇ ਹੋਏ ਮਨ ਵਿਚ ਗਾਏ ਜਾ ਰਹੇ ਚੰਗੇ ਜਾਂ



www.AKJ.Org

ਮੰਦੇ ਵਿਚਾਰਾਂ ਦਾ ਡੂੰਘਾ ਪ੍ਰਭਾਵ ਪੈਂਦਾ ਹੈ।

ਇਹੀ ਕਾਰਨ ਹੈ ਕਿ ਸੰਸਾਰ ਦੇ ਮਹਾਨ ਚਿੰਤਕਾਂ ਤੇ ਮਨੋ-ਵਿਗਿਆਨੀਆਂ ਨੇ ਸੰਗੀਤ ਨੂੰ ਬੇਹੱਦ ਵਡਿਆਇਆ ਹੈ। ਜਰਮਨੀ ਦੇ ਮਹਾਨ ਫ਼ਿਲਾਸਫ਼ਰ ਗੋਇਟੇ (ਗਿਥੇ) ਨੇ ਰਾਗ ਨੂੰ ਮਨ ਤੇ ਮਾਦੇ ਵਿਚ ਸੰਪਰਕ ਕਾਇਮ ਰਖਣ ਵਾਲੀ ਰੌ ਕਰਕੇ ਲਿਖਿਆ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਗੁਰੂ ਸਾਹਿਬਾਨ ਨੇ ਸੰਗੀਤ ਨੂੰ ਸ਼ੁਭ ਪ੍ਰਭੂ ਵਿਚਾਰਾਂ ਨੂੰ ਧੁਰ ਅੰਦਰ ਵਸਾਉਣ ਦਾ ਸਾਧਨ ਉਸ ਸਮੇਂ ਬਣਾਇਆ ਜਦ ਕਿ ਦੇਸ ਦੇ ਰਾਜ-ਧਰਮ; ਇਸਲਾਮ ਵਿਚ ਇਸ ਦੀ ਸਖ਼ਤੀ ਨਾਲ ਮਨਾਹੀ ਸੀ। ਚੂੰਕਿ ਇਸਲਾਮੀ ਸ਼ਰ੍ਹਾ ਅਨੁਸਾਰ ਲਾਈ ਗਈ ਅਜਿਹੀ ਪਾਬੰਦੀ ਮਨੁੱਖੀ ਰੁੱਚੀਆਂ ਦੇ ਪ੍ਰਤਿਕੂਲ ਗ਼ੈਰ ਕੁਦਰਤੀ ਸੀ, ਇਸ ਲਈ ਉਥੇ ਭੀ ਇਹ ਤਾਕੀਦ ਕਰਨੀ ਪਈ ਕਿ ਬਾਂਗ ਸਦਾ ਖ਼ੁਸ਼-ਗੁਲੂ (ਮਿੱਠੇ ਤੇ ਸੋਜ਼ ਭਰੇ ਗਲੇ ਵਾਲਾ) ਬਾਂਗੀ ਹੀ ਦੇਵੇ। ਸੂਫ਼ੀ ਮੁਸਲਮਾਨਾਂ ਨੇ ਤਾਂ ਕਵਾਲੀ ਨੂੰ ਆਲਮਿ ਤਾਯਰ (ਵਿਸਮਾਦ ਦੀ ਅਵੱਸਥਾ) ਵਿਚ ਗਵਾਚ ਜਾਣ ਦਾ ਵਡਾ ਵਸੀਲਾ ਮੰਨਿਆ ਤੇ ਬਣਾਇਆ ਹੈ।

ਸਿਖ ਮੱਤ ਇਕ ਅਜਿਹਾ ਧਰਮ ਹੈ ਜੋ ਵਿਸ਼ੇਸ਼ ਕਰਕੇ ਨ ਕੇਵਲ ਸ਼ਬਦ ਨੂੰ ਹੀ ਗੁਰੂ ਮੰਨਦਾ ਤੇ ਪੂਜਦਾ ਹੈ, ਸਗੋਂ ਐਸੇ ਸਰਵੋਤਮ ਸਾਂਝੇ ਗੁਰੂ ਗ੍ਰੰਥ ਜੀ ਦਾ ਉਪਾਸ਼ਕ ਹੈ ਜਿਸ ਦੀ ਪਵਿੱਤਰ ਕਲਾਮ (ਬਾਣੀ) ਨੂੰ ੩੧ ਰਾਗਾਂ ਵਿਚ ਅੰਕਿਤ ਕੀਤਾ ਗਿਆ ਹੈ। ਸ੍ਰੀ ਗੁਰੂ ਨਨਕ ਦੇਵ ਜੀ ਨੇ ਰਬਾਬ ਅਪਣਾਈ ਅਤੇ ਮਰਦਾਨੇ ਨੂੰ ਕੀਰਤਨ ਸਿਖਾਇਆ। ਜਿਥੇ ਗਏ, ਕੀਰਤਨ ਦੇ ਬਲ ਨਾਲ ਸਭ ਨੂੰ ਨਿਵਾਇਆ, ਤੇ ਰੱਬ ਦੇ ਲੜ ਲਾਇਆ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਰੰਦਾ ਸਾਜ ਰਚਿਆ ਅਤੇ ਸਿੱਖਾਂ ਨੂੰ ਸੰਗੀਤ-ਵਿਦਿਆ ਸਿਖਾਈ ਤੇ ਮਨੋਹਰ ਧੁਨਾਂ ਰਚੀਆਂ। ਸ੍ਰੀ ਦਰਬਾਰ ਸਾਹਿਬ ਵਿਖੇ ਚਾਰ ਚੌਕੀਆਂ ਚੜ੍ਹਨ ਦੀ ਮਰਯਾਦਾ ਵੀ ਆਪ ਜੀ ਨੇ ਹੀ ਸਥਾਪਤ ਕੀਤੀ, ਜੋ ਅੱਜ ਤੱਕ ਜਾਰੀ ਹੈ।

ਭਾਈ ਮਨੀ ਸਿੰਘ ਜੀ ਗਿਆਨ ਰਤਨਾਵਲੀ ਵਿਚ ਲਿਖਦੇ ਹਨ—"ਕਰਤਾਰ ਪੁਰ ਵਿਚ ਪਿਛਲੀ ਰਾਤਿ ਜਪੁ ਪੜੀਏ ਅਰ ਆਸਾ ਦੀ ਵਾਰ ਗਾਵੀਏ, ਸਵਾ ਪਹਿਰ ਚੜ੍ਹਿਆਂ ਤੀਕਰ ਬਾਣੀ ਦੀ ਚਰਚਾ ਹੋਵੇ, ਤੀਸਰੇ ਪਹਿਰ ਕੀਰਤਨ ਕਰੀਏ, ਸੰਧਿਆ ਨੂੰ ਰਹਿਰਾਸ ਪੜ੍ਹੀਏ, ਫੇਰ ਪਹਿਰ ਰਾਤ ਗਈ ਸੋਹਿਲਾ ਪੜ੍ਹੀਏ।"

ਭਾਈ ਗੁਰਦਾਸ ਜੀ ਦਾ ਵੀ ਕਥਨ ਹੈ ਕਿ :—

ਸੋਦਰ ਆਰਤੀ ਗਾਵੀਐ, ਅੰਮ੍ਰਿਤ ਵੇਲੇ ਜਾਪੁ ਉਚਾਰਾ॥

ਉਪਰੋਕਤ ਵੀਚਾਰ ਤੋਂ ਸਿਧ ਹੁੰਦਾ ਹੈ ਕਿ ਸਿਖਾਂ ਵਿਚ ਨਿਤਾਪ੍ਰਤਿ ਕੀਰਤਨ ਦਾ ਪਰਵਾਹ ਤੇ ਬਾਣੀ ਦੀ ਵਿਚਾਰ ਮੁਢ ਤੋਂ ਹੀ ਚਲਦੀ ਆਈ ਹੈ।

**ਸਫਲ ਕੀਰਤਨ**

ਕੀਰਤਨ ਨੂੰ ਸਹੀ ਅਰਥਾਂ ਵਿਚ ਸਫਲ ਅਥਵਾ ਫਲ-ਪਰਦਾਤਾ ਬਣਾਉਣ ਲਈ ਜ਼ਰੂਰੀ ਹੈ ਕਿ :—

(ੳ) ਕੀਰਤਨੀਏ ਸਿੰਘ ਆਪ ਰਹਿਣੀ ਦੇ ਪੂਰੇ ਤੇ ਮਨ, ਬਚਨ, ਕਰਮ ਕਰਕੇ ਬਾਣੀ ਦੇ ਸ਼ਰਧਾਲੂ ਤੇ ਰੱਸੀਏ ਹੋਣ।

(ਅ) ਕੀਰਤਨ ਕਰਨ ਸਮੇਂ ਉਹਨਾਂ ਵਲੋਂ ਕਿਸੇ ਪ੍ਰਕਾਰ ਦੀ ਚੰਚਲਤਾ ਦਾ ਪ੍ਰਗਟਾਵਾ ਨਾ ਹੋਵੇ, ਉਹ ਆਪ ਕੀਰਤਨ ਅਥਵਾ ਗੁਰਬਾਣੀ ਦੇ ਭਾਵਾਂ ਵਿਚ ਮੁਗਧ ਹੋਣ ਅਤੇ ਸੰਗਤਾਂ ਨੂੰ ਵੀ ਅਰਸ਼ੀ ਵਾਤਾਵਰਨ ਵਿਚ ਪਹੁੰਚਾ ਸਕਣ ਦੇ ਸਮਰਥ ਹੋਣ।

(ੲ) ਗੁਰਬਾਣੀ ਦਾ ਉਚਾਰਨ ਸ਼ੁਧ ਤੇ ਸਪੱਸ਼ਟ ਹੋਵੇ ਤਾਂ ਜੁ ਸੰਗਤ ਗੁਰਬਾਣੀ ਦੇ ਭਾਵਾਂ ਨੂੰ ਸਮਝ ਤੇ ਮਨ ਵਿਚ ਵਸਾ ਸਕੇ।

(ਸ) ਕੀਰਤਨ ਸਮੇਂ ਸਾਜ਼ਾਂ ਦੀ ਆਵਾਜ਼ ਇਤਨੀ ਮਧਮ ਹੋਣੀ ਲੋੜੀਏ ਕਿ ਗੁਰਬਾਣੀ ਨੂੰ ਸਪੱਸ਼ਟ ਤੌਰ ਤੇ ਸੁਣਨ ਅਤੇ ਸਮਝਣ ਵਿਚ ਇਹ ਕਿਸੇ ਤਰ੍ਹਾਂ ਵੀ ਬਾਧਕ ਨ ਬਣੇ। ਸਾਜ਼ ਤਾਂ ਕੀਰਤਨ ਲਈ ਸਾਧਨ ਹਨ, ਮੰਤਵ ਜਾਂ ਮੰਜ਼ਲ ਨਹੀਂ।

(ਹ) ਚੇਤੇ ਰਹੇ ਕਿ ਕਰਤੇ (ਵਾਹਿਗੁਰੂ) ਦੇ ਨਿਰਬਾਣ ਕੀਰਤਨ ਵਿਚ ਗੁਰੂ-ਬਾਣੀ ਮੁਖ ਹੈ ਤੇ ਰਾਗ ਗੌਣ। ਇਸ ਲਈ ਰਾਗ ਨੂੰ ਗੁਰਬਾਣੀ ਉਤੇ ਪਰਬਲ ਜਾਂ ਹਾਵੀ ਕਰਨਾ ਕੀਰਤਨ ਦੇ ਆਸ਼ੇ ਨੂੰ ਗਵਾਉਣ ਤੁਲ ਹੈ। ਰਾਗ ਹਮੇਸ਼ਾ ਗੁਰਬਾਣੀ ਦੀ ਤਾਬਿਆ ਹੀ ਰਹਿਣਾ ਯੋਗ ਹੈ।

(ਕ) ਕੁਝ ਸਮੇਂ ਤੋਂ ਕੀਰਤਨ ਵਿਚ ਹੋਰ ਸੰਬੰਧਤ ਪਰਮਾਣ ਦੇਣ ਦਾ ਰਿਵਾਜ ਪੈ ਗਿਆ ਹੈ। ਕਿਸੇ ਸਮੇਂ ਹਦ ਬੰਨੇ ਵਿਚ ਦਿਤੇ ਪਰਮਾਣ ਤਾਂ ਗੁਰਬਾਣੀ ਦੇ ਭਾਵਾਂ ਨੂੰ ਉਜਾਗਰ ਤੇ ਸਪੱਸ਼ਟ ਕਰਨ ਵਿਚ ਸਹਾਇਕ ਹੁੰਦੇ ਹਨ, ਪ੍ਰੰਤੂ ਬਹੁਤੀ ਵੇਰ ਪਰਮਾਣ ਹੀ ਕੀਤਤਨ ਦੀ ਥਾਂ ਲੈ ਲੈਂਦੇ ਹਨ। ਯੋਗ ਇਹ ਹੈ ਕਿ ਕੀਰਤਨ ਦੀ ਹੀ ਪ੍ਰਧਾਨਤਾ ਰਹੇ ਤੇ ਸਰੋਤੇ ਕੀਰਤਨ ਦੇ ਰਸ ਵਿਚ ਲੀਨ ਰਹਿਣ।



www.AKJ.Org

# ਭਗਤਾਂ ਕੀ ਚਾਲ ਨਿਰਾਲੀ

ਕੇਸ ਸਿਖੀ ਦੀ ਜਿੰਦ-ਜਾਨ ਤੇ ਜੀਅ-ਪ੍ਰਾਣ ਹਨ। ਕੇਸਾਂ ਕਰਕੇ ਹੀ ਸਿਖ 'ਸਿਖ' ਹੈ। ਕੇਸਾਂ ਤੋਂ ਬਿਨਾਂ ਸਿਖ ਸਿਖੀ ਤੋਂ ਹੀ ਖ਼ਾਰਜ ਹੈ, ਅਤੇ ਫਿਰ ਉਹ ਤਨਖ਼ਾਹੀਆ ਨਹੀਂ, ਸਗੋਂ ਪਤਿਤ ਹੈ।

ਕੇਸਾਂ ਦਾ ਸੰਬੰਧ ਸਿੱਧਾ ਦਸਮ ਦੁਆਰ ਤੇ ਆਤਮਕ ਸ਼ਕਤੀ ਨਾਲ ਹੈ। ਕੇਸਾਂ ਦੀ ਮਹੱਤਤਾ ਰਹਿਤ-ਵਾਨ ਗੁਰਸਿਖ ਖ਼ੂਬ ਪਛਾਣਦੇ ਹਨ। ਕੇਸਾਂ ਨੂੰ ਕਾਇਮ ਰਖਣ ਲਈ ਭਾਈ ਤਾਰੂ ਸਿੰਘ ਜੀ ਨੇ ਰੰਬੀ ਨਾਲ ਆਪਣੀ ਖੋਪਰੀ ਲੁਹਾ ਲਈ, ਪਰ ਇਕ ਕੇਸ ਵੀ ਕਤਲ ਨਹੀਂ ਹੋਣ ਦਿਤਾ। ਸਿਖੀ ਸਿਦਕ 'ਕੇਸਾਂ ਸੁਆਸਾਂ' ਨਾਲ ਨਿਭਾਣ ਖ਼ਾਤਰ ਹੀ ਗੁਰਸਿਖ ਬੰਦ ਬੰਦ ਜੁਦਾ ਕਰਵਾ ਗਏ, ਆਰਿਆਂ ਨਾਲ ਚੀਰੇ ਗਏ, ਚਰਖੜੀਆਂ ਤੇ ਚੜ੍ਹਾਏ ਗਏ, ਦੇਗਿਆਂ ਵਿਚ ਉਬਾਲੇ ਗਏ ਅਤੇ ਮਨੂੰ ਦੀ ਹਕੂਮਤ ਵੇਲੇ ਅਨੇਕਾਂ ਹੀ ਨਖਾਸ ਦੇ ਮੈਦਾਨ ਵਿਚ ਬੇਅੰਤ ਤਸੀਹੇ ਸਹਿ ਸਹਿ ਕੇ ਸ਼ਹੀਦ ਹੋ ਗਏ। ਇਉਂ ਦਸਮੇਸ਼-ਦੁਲਾਰੇ 'ਕੇਸਾਂ ਸੁਆਸਾਂ' ਨਾਲ ਗੁਰਸਿਖੀ ਦੇ ਉਚੇ ਸੁਚੇ ਪੂਰਨੇ ਪਾ ਗਏ।

ਕੇਸ ਆਦਿ-ਕਾਲ ਤੋਂ ਸਭ ਪੁਰਾਤਨ ਰਿਸ਼ੀਆਂ ਮੁਨੀਆਂ ਦੇ ਸੀਸ ਉਤੇ ਅਤੇ ਕਸ਼ਤਰੀਆਂ ਦੇ ਹੋਣ ਦੇ ਸਬੂਤ ਮਿਲਦੇ ਹਨ। ਕੇਸ ਕਟਾਏ ਜਾਣੇ ਕਦੋਂ ਤੇ ਕਿਵੇਂ ਅਰੰਭ ਹੋਏ, ਇਸ ਬਾਰੇ ਇਕ ਵਾਰਤਾ ਪੁਰਾਤਨ ਗ੍ਰੰਥਾਂ ਚੋਂ ਮਿਲਦੀ ਹੈ ਕਿ ਪ੍ਰਤਾਪੀ ਨੰਦ ਰਾਜਾ ਨੇ ਰਾਜ ਨੂੰ ਪ੍ਰਾਪਤ ਕਰ ਕੇ, ਆਪਣੇ ਰਾਜ ਨੂੰ ਕਾਇਮ ਰਖਣ ਖ਼ਾਤਰ, ਵਿਦਵਾਨ ਬ੍ਰਾਹਮਣਾਂ ਤੇ ਕਸ਼ਤਰੀਆਂ ਦੇ ਜ਼ਬਰਦਸਤੀ ਕੇਸ ਕਟਵਾ ਕੇ ਉਨ੍ਹਾਂ ਦੀ ਆਤਮ-ਸਤਾ ਖ਼ਤਮ ਕਰ ਦਿਤੀ। ਫਿਰ ਉਨ੍ਹਾਂ ਹੀ ਵਿਦਵਾਨ ਬ੍ਰਾਹਮਣਾਂ ਪਾਸੋਂ ਪੁਰਾਤਨ ਹਿੰਦੂ ਗ੍ਰੰਥਾਂ ਤੇ ਸਿਮ੍ਰਤੀਆਂ ਆਦਿ ਵਿਚ, ਕੇਸਾਂ ਦੀ ਵਡਿਆਈ ਵਿਚ ਲਿਖੇ ਸਲੋਕਾਂ ਦੇ ਨਾਲ ਹੀ, ਕੇਸ ਮੁੰਡਨ ਦੀ ਸ਼ਲਾਘਾ ਦੇ ਸਲੋਕ ਵੀ ਪੁਆ ਦਿਤੇ। ਇਸ ਦੇ ਨਤੀਜੇ ਵਜੋਂ ਭਦਣ ਕਰਾਉਣ ਦੀ ਰਸਮ ਚਲ ਪਈ ਅਤੇ ਸਹਿਜੇ ਸਹਿਜੇ ਕੇਸ ਕਟਾਉਣ ਦੀ ਬੀਮਾਰੀ ਵਧਦੀ ਗਈ।

ਭਗਤੀ-ਲਹਿਰ ਵਿਚ ਹਿੱਸਾ ਪਾਉਣ ਵਾਲੇ ਸਭ ਭਗਤ ਜਨ ਕੇਸਧਾਰੀ ਸਨ ਅਤੇ ਭਗਤ ਫਰੀਦ ਜੀ ਆਪਣੀ ਬਾਣੀ ਵਿਚ "ਸਿਰ ਪਲਿਆ, ਦਾੜ੍ਹੀ ਪਲੀ, ਮੁਛਾਂ ਭੀ ਪਲੀਆਂ" ਦਾ ਜ਼ਿਕਰ ਕਰਦੇ ਹਨ। ਇਸੇ ਤਰ੍ਹਾਂ ਭਗਤ ਕਬੀਰ ਜੀ ਵੀ ਆਪਣੀ ਬਾਣੀ ਵਿਚ ਥਾਂ ਥਾਂ ਤੇ ਕੇਸਾਂ ਦਾ ਜ਼ਿਕਰ ਕਰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਰੰਕਾਰ ਵਾਹਿਗੁਰੂ ਨੂੰ ਸਰਗੁਣ ਸਰੂਪ ਵਿਚ ਬਿਆਨ ਕੀਤਾ ਤਾਂ ਉਹ ਵੀ ਸੋਹਣੇ ਲੰਮੇ ਕੇਸਾਂ ਵਾਲੇ ਸਰੂਪ ਵਿਚ ਫ਼ੁਰਮਾਉਂਦੇ ਹਨ :—

ਸੋਹਣੇ ਨਕ ਜਿਨ ਲੰਮੜੇ ਵਾਲਾ ॥
ਕੰਚਨ ਕਾਇਆ ਸੁਇਨੇ ਕੀ ਢਾਲਾ ॥

ਇਸੇ ਤਰ੍ਹਾਂ ਪੰਚਮ ਸਤਿਗੁਰੂ ਜੀ ਆਪਣੀ ਰਚਨਾ ਵਿਚ ਵਾਹਿਗੁਰੂ ਜੀ ਨੂੰ 'ਕੇਸਵ', ਭਾਵ 'ਕੇਸਾਂ ਵਾਲਾ' ਕਰ ਕੇ ਪੁਕਾਰਦੇ ਹਨ।

ਗੁਰਸਿਖਾਂ ਨੂੰ ਇਹ ਕੇਸਾਂ ਦੀ ਦਾਤ ਗੁਰੂ ਨਾਨਕ ਨਿਰੰਕਾਰੀ ਦੇ ਵੇਲੇ ਤੋਂ ਹੀ ਮਿਲਣੀ ਸ਼ੁਰੂ ਹੋ ਗਈ ਸੀ। ਜਿਨ੍ਹਾਂ ਕੇਸਾਂ ਨੂੰ ਨਿਰੰਕਾਰੀ ਪਾਤਸ਼ਾਹ ਆਪ ਪਿਆਰ ਕਰਦਾ ਹੋਵੇ, ਉਸ ਪਾਤਸ਼ਾਹ ਦੇ ਸੋਹਣੇ ਸਰੂਪ ਨੂੰ ਉਸ ਦੇ ਨਿਕਟਵਰਤੀ ਪਿਆਰੇ ਸਿਖ ਕਿਵੇਂ ਨਾ ਪਿਆਰਦੇ ਹੋਣਗੇ ਅਤੇ ਉਸ ਕੇਸਾਂ ਵਾਲੇ ਬਾਣੇ ਤੋਂ ਉਹ ਕਿਵੇਂ ਵਿਰਵੇ ਰਹਿੰਦੇ ਹੋਣਗੇ।

ਇਉਂ ਨੌਂ ਪਾਤਸ਼ਾਹੀਆਂ ਤਕ ਨਾਮ-ਬਾਣੀ ਦਾ ਸੰਚਾਰ ਹੁੰਦਾ ਰਿਹਾ ਅਤੇ ਕੇਸਾਂ ਦਾ ਪਿਆਰ ਗੁਰਸਿਖਾਂ ਅੰਦਰ ਪੈਦਾ ਹੁੰਦਾ ਰਿਹਾ। ਇਸ ਵੇਲੇ ਤਕ ਕਾਫ਼ੀ ਗਿਣਤੀ ਵਿਚ ਸਿਖ ਕੇਸਾਧਾਰੀ ਹੋ ਚੁਕੇ ਸਨ। ਪਰ ਦਸਮ ਪਾਤਸ਼ਾਹ ਜੀ ਨੇ ਤਾਂ ਪੱਕੇ ਤੌਰ ਤੇ ਕੇਸਾਂ ਦੀ ਮੁਹਰ-ਛਾਪ ਲਾ ਦਿਤੀ ਅਤੇ ਹੁਕਮ ਕੀਤਾ ਕਿ ਕੋਈ ਗੁਰਸਿਖ ਵੀ ਕੇਸਾਂ ਤੋਂ ਵਿਰਵਾ ਨਾ ਹੋਵੇ ਅਤੇ ਹੁਕਮ ਕੀਤਾ ਕਿ ਜੋ ਸਿਖ ਕੇਸ-ਹੀਨ ਹੈ, ਉਹ ਮੇਰਾ ਸਿਖ ਨਹੀਂ। ਆਪ ਨੇ ਸਭਸ ਨੂੰ ਖੰਡੇ ਦਾ ਅੰਮ੍ਰਿਤ ਬਖ਼ਸ਼ ਕੇ 'ਸਿੰਘ' ਸਜਾ ਦਿਤਾ। ਦਸਮੇਸ਼ ਪਿਤਾ ਨੇ ਨਿਰਾਲਾ ਵੇਸ ਭੇਸ ਤੇ ਰੂਪ ਰੰਗ ਬਖ਼ਸ਼ ਕੇ ਹਜ਼ਾਰਾਂ ਲਖਾਂ ਵਿਚੋਂ ਇਕ-ਇਕੱਲੇ ਸਿੰਘ ਦੇ ਦਰਸ਼ਨ ਨਿਖੜਵੇਂ ਤੌਰ ਤੇ ਬਖ਼ਸ਼ ਦਿਤੇ।



www.AKJ.Org

ਇਹ ਨਿਰਾਲਾ ਵੇਸ ਭੇਸ ਤੇ ਨਿਰਾਲਾ ਰੂਪ ਰੰਗ ਕਲਗੀਧਰ ਪਿਤਾ ਜੀ ਨੇ ਹਰੇਕ ਸਿੰਘ ਸਿੰਘਣੀ ਨੂੰ ਬਖ਼ਸ਼ਿਆ। ਕਿਸੇ ਨਾਲ ਕੋਈ ਵਿਤਕਰਾ ਨਹੀਂ ਕੀਤਾ, ਸਗੋਂ ਸਿੰਘ ਸਿੰਘਣੀਆਂ ਨੂੰ ਇਕ-ਬਰਾਬਰਤਾ ਬਖ਼ਸ਼ੀ। ਜਿਥੇ ਅੰਮ੍ਰਿਤ ਦੀ ਦਾਤ ਸਿੰਘਾਂ ਨੂੰ ਬਖਸ਼ੀ ਉਥੇ ਸਿੰਘਣੀਆਂ ਨੂੰ ਵੀ ਅੰਮ੍ਰਿਤ ਦੀ ਦਾਤ ਉਸੇ ਬਾਟੇ ਵਿਚੋਂ ਇਕ-ਸਮਾਨ ਹੀ ਬਖ਼ਸ਼ੀ ਗਈ। ਅੰਮ੍ਰਿਤ ਦੀ ਦਾਤ ਸਮੇਂ ਜੋ ਰਹਿਤ-ਰਹਿਣੀ ਸਿੰਘਾਂ ਨੂੰ ਦਿਤੀ ਗਈ ਸੋਈਓ ਸਿੰਘਣੀਆਂ ਨੂੰ ਬਖਸ਼ੀ ਗਈ। ਅੰਮ੍ਰਿਤ ਅਤੇ ਰਹਿਣੀ ਵਿਚ ਕੋਈ ਭਿੰਨ-ਭੇਦ ਨਹੀਂ ਰਖਿਆ ਗਿਆ।

ਚਾਰ ਬਜਰ ਕੁਰਹਿਤਾਂ ਤੋਂ ਬਚਣ ਲਈ ਹੁਕਮ ਕੀਤਾ—

੧. ਕੇਸਾਂ ਦੀ ਬੇਅਦਬੀ ਤੋਂ, ੨. ਪਰ-ਤ੍ਰਿਆ ਦੇ ਸੰਗ ਤੋਂ, ੩. ਕੁਠਾ ਖਾਣ (ਕੋਹਿਆ ਹੋਇਆ ਮਾਸ) ਤੋਂ, ਅਤੇ ੪. ਤਮਾਕੂ (ਤੇ ਸ਼ਰਾਬ ਆਦਿ ਨਸ਼ਿਆਂ) ਦੇ ਸੇਵਨ ਕਰਨ ਤੋਂ ਬਚਣ ਲਈ ਸਖ਼ਤ ਤਾਕੀਦ ਕੀਤੀ। ਜੇ ਕੋਈ ਇਨ੍ਹਾਂ ਚਵਾਂ ਬਜਰ ਕੁਰਹਿਤਾਂ ਵਿਚੋਂ ਕੋਈ ਇਕ ਵੀ ਭੁਲ ਕਰ ਬੈਠੇ ਤਾਂ ਉਹ ਸਿਖੀਓਂ ਖ਼ਾਰਜ ਹੈ। ਮੁੜ ਸਖਤ ਸਜ਼ਾ ਲਵਾ ਕੇ ਨਵੇਂ ਸਿਰਿਓਂ ਅੰਮ੍ਰਿਤ ਛਕ ਕੇ ਸਿਖੀ ਵਿਚ ਪਰਵੇਸ਼ ਕਰ ਸਕਦਾ ਹੈ।

ਗੁਰੂ-ਪਿਤਾ ਨੇ ਜਿਥੇ ਗੁਰਸਿਖਾਂ ਨੂੰ ਚਾਰ ਬਜਰ ਕੁਰਹਿਤਾਂ ਤੋਂ ਬਚਣ ਲਈ ਸਖ਼ਤ ਤਾੜਨਾ ਕੀਤੀ, ਉਥੇ ਨਾਲ ਹੀ ਪੰਜ ਕਰਾਰ ਧਾਰਨ ਕਰਨ ਦਾ ਹੁਕਮ ਵੀ ਦਿਤਾ। ਇਨ੍ਹਾਂ ਕਕਾਰਾਂ ਨੂੰ ਹਰ ਵਕਤ ਸਰੀਰ ਦੇ ਸੰਗ-ਸਾਥ ਰਖਣਾ ਹੈ ਅਤੇ ਕਦੇ ਵਖ ਕਰ ਕੇ ਨਹੀਂ ਰਖਣੇ।

ਵੈਸੇ ਤਾਂ ਸਰੀਰ ਦੇ ਸਾਰੇ ਰੋਮ ਹੀ ਪੈਰ ਤੋਂ ਲੈ ਕੇ ਸਿਰ ਦੀ ਚੋਟੀ ਤਕ ਕੇਸ ਹਨ ਅਤੇ ਕਿਸੇ ਰੋਮ ਦੀ ਵੀ ਬੇਅਦਬੀ ਕਰਨੀ ਅਥਵਾ ਕਿਸੇ ਰੋਮ ਦਾ ਵੀ ਸਰੀਰ ਤੋਂ ਉਤਾਰਨਾ ਪਤਿਤ-ਕਰਮ ਹੈ। ਪਰ ਸੀਸ ਦੇ ਕੇਸ ਤਾਂ ਉਚੇਚੇ ਤੌਰ ਤੇ ਗੁਰੂ ਕੀ ਮੋਹਰ ਛਾਪ ਹੈ ਅਤੇ ਇਨ੍ਹਾਂ ਦੀ ਮਹਾਨਤਾ ਧਰਮ-ਗ੍ਰੰਥਾਂ ਵਿਚ ਥਾਂ-ਪਰ-ਥਾਂ ਮਿਲਦੀ ਹੈ।

ਸ਼੍ਰੋਮਣੀ ਸੀਸ ਦੇ ਕੇਸਾਂ ਦੀ ਸੇਵਾ-ਸੰਭਾਲ ਲਈ ਅੰਮ੍ਰਿਤ-ਦਾਤਾ ਜੀ ਨੇ ਸਾਨੂੰ ਦੋ ਕਕਾਰ ਬਖਸ਼ੇ—ਕੇਸਾਂ ਦੀ ਸਫ਼ਾਈ ਲਈ 'ਕੰਘਾ' ਅਤੇ ਕੇਸਾਂ ਨੂੰ ਮਿਟੀ ਘਟੇ ਅਤੇ ਜੂਠ-ਮੂਠ ਤੋਂ ਬਚਾਣ ਲਈ 'ਕੇਸਕੀ' (ਛੋਟੀ ਦਸਤਾਰ) ਬਖ਼ਸ਼ੀ। ਜਤ ਦੀ ਰਖਿਆ ਲਈ 'ਕਛਹਿਰਾ' ਅਤੇ ਭਗਤੀ ਦੀ ਰਖਿਆ ਲਈ 'ਗਾਤਰੇ ਕਿਰਪਾਨ' ਬਖ਼ਸ਼ੀ। ਫ਼ੋਲਾਦੀ ਤਾਕਤ ਬਖ਼ਸ਼ਣ ਲਈ ਸਤਿਗੁਰੂ ਪਾਤਸ਼ਾਹ ਨੇ ਸਿੰਘ ਨੂੰ 'ਸਰਬ-ਲੋਹ ਦਾ ਕੜਾ' ਬਖ਼ਸ਼ਿਆ; ਜਿਸ ਨਾਲ ਸਰਬ-ਲੋਹੀ ਸਤਾ ਦਾ ਸੰਚਾਰ ਹਰ ਵਕਤ ਸਹਿਜੇ ਹੀ ਹੁੰਦਾ ਰਹੇ। ਸਟੀਲ ਦਾ ਕੜਾ ਨਿਰਾ ਫ਼ੈਸ਼ਨ ਹੀ ਹੈ। ਇਉਂ ਪੰਜ ਕਕਾਰ ਬਖ਼ਸ਼ ਕੇ ਗੁਰੂ-ਪਾਤਸ਼ਾਹ ਨੇ ਸਿਖ ਨੂੰ ਪੂਰਨ ਖ਼ਾਲਸੇ ਦਾ ਸਰੂਪ ਬਖਸ਼ਿਆ।

ਇਹ ਪੰਜੇ ਕਕਾਰ ਗੁਰਸਿਖ ਨੂੰ ਹਰ ਵਕਤ ਸਰੀਰ ਦੇ ਨਾਲ ਰਖਣ ਦਾ ਹੁਕਮ ਹੈ। ਪਰ ਅਜ ਦੇ ਕਲਜੁਗੀ ਪ੍ਰਭਾਵਾਂ ਹੇਠ ਆ ਕੇ ਆਮ ਸਿੰਘ ਇਸ ਪਾਸੇ ਵਲੋਂ ਲਾਪਰਵਾਹੀ ਕਰ ਰਹੇ ਹਨ। ਇਥੋਂ ਤਕ ਵੇਖਣ ਵਿਚ ਆਉਂਦਾ ਹੈ ਕਿ ਰਾਗੀ ਸਿੰਘ ਅਤੇ ਗ੍ਰੰਥੀ ਸਿੰਘ ਡੀਊਟੀਆਂ ਤੋਂ ਵਿਹਲੇ ਹੋ ਕੇ ਘਰਾਂ ਵਿਚ ਪੁਜਦੇ ਹਨ ਤਾਂ ਸ੍ਰੀ ਸਾਹਿਬਾਂ ਲਾਹ ਕੇ ਕਿਲੀਆਂ ਨਾਲ ਟੰਗ ਛਡਦੇ ਹਨ। ਆਮ ਸਿਖ ਤਾਂ ਗਾਤਰੇ ਵਾਲੀਆਂ ਸ੍ਰੀ ਸਾਹਿਬਾਂ ਤੋਂ ਅਜ਼ਾਦ ਹੋ ਕੇ ਕੇਸਾਂ ਵਿਚ ਕੰਘੇ ਨਾਲ ਹੀ ਕਿਰਪਾਨ ਦਾ ਨਿੱਕਾ ਜਿਹਾ ਚਿੰਨ੍ਹ ਰਖ ਕੇ ਮਨ ਨੂੰ ਤਸੱਲੀ ਦੇ ਲੈਂਦੇ ਹਨ ਕਿ ਉਨ੍ਹਾਂ ਕਕਾਰ ਪੂਰੇ ਰਖੇ ਹੋਏ ਹਨ। ਗਾਤਰੇ ਕਿਰਪਾਨ ਦੀ ਲਾਪਰਵਾਹੀ ਕਾਰਨ ਇਹ ਕਕਾਰ ਅਲੋਪ ਹੀ ਹੁੰਦਾ ਜਾ ਰਿਹਾ ਹੈ।

ਗਾਤਰੇ ਕਿਰਪਾਨ ਧਾਰਨ ਵਾਂਗ ਹੀ 'ਕੇਸਕੀ' (ਛੋਟੀ ਦਸਤਾਰ) ਵਲੋਂ ਵੀ ਗੁਰਸਿਖ ਬਿਲਕੁਲ ਲਾਪਰਵਾਹ ਹੁੰਦੇ ਜਾ ਰਹੇ ਹਨ। ਕੋਈ ਸਮਾਂ ਹੁੰਦਾ ਸੀ ਕਿ ਕੋਈ ਰਹਿਤਵਾਨ ਸਿੰਘ ਵੀ, ਕਿਸੇ ਵਕਤ ਵੀ, ਘਰ ਹੋਵੇ ਜਾਂ ਬਾਹਰ, ਛੋਟੀ ਦਸਤਾਰ ਤੋਂ ਬਿਨਾਂ ਨਗਨ-ਸਿਰ ਨਜ਼ਰ ਨਹੀਂ ਸੀ ਆਉਂਦਾ। ਪਰ ਅਜ ਸਿਖ ਸੁਸਾਇਟੀਆਂ ਦੇ ਵਡੇ ਵਡੇ ਕਾਰਕੁਨਾਂ ਦੇ ਘਰ ਜਾਓ ਤਾਂ ਉਹ ਨੰਗੇ ਸਿਰ ਵਿਚਰਦੇ ਹੁੰਦੇ ਹਨ। ਇਥੋਂ ਤਕ ਵੇਖਿਆ ਗਿਆ ਹੈ ਕਿ ਉਚ ਪਦਵੀਆਂ ਤੇ ਰਹਿ ਚੁਕੇ ਸਿੰਘ ਸਾਹਿਬਾਨ ਦੇ ਵੀ ਕਈ ਵਾਰ ਘਰਾਂ ਵਿਚ ਛੋਟੀ ਦਸਤਾਰ ਤੋਂ ਬਿਨਾਂ ਦਰਸ਼ਨ ਪਾਏ ਗਏ, ਪਰ ਜਦੋਂ ਦੂਰੋਂ ਕਿਸੇ ਨੂੰ ਆਉਂਦਾ ਵੇਖਣਾ ਤਾਂ


www.AKJ.Org

ਛੋਟੀ ਨਾਲ ਛੋਟੀ ਦਸਤਾਰ ਨੂੰ ਲਪੇਟਣ ਦੀ ਕਰਨੀ। ਭਾਵ ਉਨ੍ਹਾਂ ਦੇ ਮਨ ਵਿਚ ਇਹ ਖਿਆਲ ਤਾਂ ਹੈ ਕਿ ਸਿਖ ਲਈ ਛੋਟੀ ਦਸਤਾਰ ਤੋਂ ਬਿਨਾਂ ਨੰਗੇ ਸਿਰ ਰਹਿਣਾ ਮਨ੍ਹਾ ਹੈ। ਇਹ ਗੱਲ ਸਾਬਤ ਕਰਦੀ ਹੈ ਕਿ ਉਹ ਭੱਦਰ ਪੁਰਸ਼ ਆਪਣੀ ਕਮਜ਼ੋਰੀ ਨੂੰ ਅੰਦਰੋਂ ਤਾਂ ਮਹਿਸੂਸ ਕਰਦੇ ਹਨ, ਬਾਹਰਮੁਖੀ ਭਾਵੇਂ ਕੁਝ ਕਹਿੰਦੇ ਫਿਰਨ।

ਸਿਖ ਲਈ ਨਗਨ-ਸੀਸ ਰਹਿਣਾ ਸਖ਼ਤ ਵਿਵਰਜਤ ਹੈ। ਭਾਈ ਚੌਪਾ ਸਿੰਘ ਦੇ ਰਹਿਤਨਾਮੇ ਵਿਚ ਲਿਖਿਆਂ ਹੈ —

ਨਗਨ ਸੀਸ ਬਾਹਰ ਫਿਰੇ, ਨਗਨ ਸੀਸ ਜੋ ਖਾਇ।
ਨਗਨ ਪ੍ਰਸਾਦ ਜੋ ਬਾਂਟਈ, ਤਨਖ਼ਾਹੀ ਬਡੋ ਕਹਾਇ।

ਹਰ ਅੰਮ੍ਰਿਤ-ਧਾਰੀ ਸਿੰਘ ਲਈ, ਭਾਵੇਂ ਕਿਸੇ ਥਾਂ ਤੋਂ ਪੰਜਾਂ ਪਿਆਰਿਆਂ ਰਾਹੀਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਹੋਵੇ, ਉਪਰਲੀ ਦਸਤਾਰ ਦੇ ਹੇਠਾਂ 'ਕੇਸਕੀ' ਛੋਟੀ ਦਸਤਾਰ ਸਜਾਉਣੀ ਜ਼ਰੂਰੀ ਹੈ ਅਤੇ ਘਰ ਵਿਚ ਹਰ ਵਕਤ, ਇਥੋਂ ਤਕ ਕਿ ਸੌਣ ਸਮੇਂ ਵੀ ਇਸ ਦਾ ਰਖਣਾ ਅਤਿ ਜ਼ਰੂਰੀ ਹੈ। 'ਕੇਸਕੀ' ਨਾਲ ਹੀ ਕੇਸ ਪੂਰੀ ਤਰ੍ਹਾਂ ਸਾਂਭੇ-ਸੰਭਾਲੇ ਜਾ ਸਕਦੇ ਹਨ। 'ਕੇਸਕੀ' ਦਾ ਭਾਵ ਵੀ ਇਹੋ ਹੈ "ਕੇਸਾਂ ਦੀ" ਭਾਵ 'ਕੇਸਾਂ ਦੀ ਸੰਭਾਲ ਕਰਨ ਵਾਲੀ'। ਭਾਈ ਕਾਹਨ ਸਿੰਘ ਜੀ ਨਾਭਾ ਨੇ ਵੀ 'ਕੇਸਕੀ' ਦੀ ਵਿਆਖਿਆ 'ਮਹਾਨ ਕੋਸ਼' ਵਿਚ ਇਹੋ ਕੀਤੀ ਹੈ।

ਕਿਸੇ ਚੀਜ਼ ਦੇ ਵੀ ਅਦਬ-ਸਤਿਕਾਰ ਲਈ ਉਸ ਨੂੰ ਸੋਹਣੇ ਢੰਗ ਨਾਲ ਢਕ ਕੇ ਰਖੀਦਾ ਹੈ। ਇਸੇ ਤਰ੍ਹਾਂ ਕੇਸਾਂ ਦੀ ਪਵਿਤਰਤਾ ਅਤੇ ਅਦਬ-ਸਤਿਕਾਰ ਲਈ ਵੀ ਉਨ੍ਹਾਂ ਨੂੰ ਚੰਗੀ ਤਰ੍ਹਾਂ ਢਕ ਕੇ ਰਖਣਾ ਜ਼ਰੂਰੀ ਹੈ ਅਤੇ ਇਸੇ ਪਵਿਤਰਤਾ ਨੂੰ ਕਾਇਮ ਰਖਣ ਖ਼ਾਤਰ ਹੀ ਦਸਮ ਪਿਤਾ ਜੀ ਨੇ ਸਾਨੂੰ 'ਕੇਸਕੀ' ਬਖ਼ਸ਼ ਕੇ ਕੇਸਾਂ ਦੀ ਰਖਵਾਲੀ ਤੇ ਅਦਬ-ਸਤਿਕਾਰ ਦਰਸਾਇਆ ਹੈ।

ਜਿਵੇਂ ਸ੍ਰੀ ਸਾਹਿਬ ਗਾਤਰੇ ਚੋਂ ਨਿਕਲ ਕੇ ਕੰਘੇ ਨਾਲ ਜਾ ਚੰਬੜੀ ਹੈ ਓਵੇਂ ਹੀ 'ਕੇਸਕੀ' ਦੀ ਥਾਵੇਂ ਅਜ ਕਲ੍ਹ ਨੌਜਵਾਨ ਉਪਰਲੀ ਦਸਤਾਰ ਹੇਠਾਂ ਫਿਫਟੀ ਬੰਨ੍ਹਣ ਲਗ ਪਏ ਹਨ, ਜੋ ਇਕ ਛੋਟੀ ਜਹੀ ਟਾਕੀ ਹੁੰਦੀ ਹੈ। ਬਾਹਰੋਂ ਤਾਂ ਉਹ ਫਿਫਟੀ ਛੋਟੀ ਦਸਤਾਰ ਦਾ ਭੁਲੇਖਾ ਦਿੰਦੀ ਹੈ, ਪਰ ਜਦੋਂ ਉਹ ਟੋਪੀ-ਨੁਮਾ ਪਗ ਉਤਾਰ ਕੇ ਹੇਠਾਂ ਰਖਦੇ ਹਨ ਤਾਂ ਉਨ੍ਹਾਂ ਦੀ ਉਹ ਫਿਫਟੀ 'ਖੋਟੇ ਦਬੂਏ' ਵਾਂਗ ਪਰਗਟ ਹੋ ਜਾਂਦੀ ਹੈ ਅਤੇ ਸਾਰਾ ਪਾਜ ਉਘੜ ਆਉਂਦਾ ਹੈ।

ਗੁਰੂ-ਹੁਕਮਾਂ ਅਨੁਸਾਰ ਪੰਜੇ ਕਕਾਰ ਜੋ ਧਾਰਨ ਕਰਾਏ ਗਏ ਹਨ, ਉਹ ਸਹੀ ਰੂਪ ਵਿਚ ਹੀ ਹਰ ਵਕਤ ਰਹਿਤਵਾਨ ਸਿਖ ਨੇ ਸਜਾ ਕੇ ਰਖਣੇ ਹਨ। ਗਾਤਰੇ ਦੀ ਕਿਰਪਾਨ ਵਾਂਗ 'ਕੇਸਕੀ' ਵੀ ਹਰ ਵਕਤ ਹੀ ਅੰਗ ਸੰਗ ਰਖਣੀ ਹੈ ਅਤੇ ਪ੍ਰਸ਼ਾਦ ਛਕਣ, ਸ਼ਰਲਾ ਜਾਂ ਮੈਦਾਨ ਮਾਰਨ, ਜਾਂ ਬਾਹਰ ਗਲੀ ਬਜ਼ਾਰਾਂ ਵਿਚ ਫਿਰਦਿਆਂ ਕੇਸਾਂ ਨੂੰ 'ਕੇਸਕੀ' ਨਾਲ ਢਕ ਕੇ ਰਖਣਾ ਜ਼ਰੂਰੀ ਹੈ। ਇਨ੍ਹਾਂ ਪੰਜਾਂ ਕਕਾਰਾਂ ਵਿਚੋਂ ਕਿਸੇ ਵੀ ਕਕਾਰ ਦੇ ਧਾਰਨ ਵਿਚ ਕੁਤਾਹੀ ਕਰਨ ਨਾਲ ਉਹ ਸਿੰਘ ਤਨਖ਼ਾਹੀਆ ਹੁੰਦਾ ਹੈ। ਉਸ ਸਿਖ ਲਈ ਹੁਕਮ ਹੈ ਕਿ ਉਹ ਪੰਚਾਂ ਪਾਸੋਂ ਤਨਖ਼ਾਹ ਲਵਾ ਕੇ ਅਤੇ ਅਰਦਾਸ ਕਰਵਾ ਕੇ ਮੁੜ ਕਕਾਰਾਂ ਨੂੰ ਪੂਰਨ ਤੌਰ ਤੇ ਧਾਰਨ ਕਰ ਕੇ ਰਹਿਤਵਾਨ ਬਣੇ।

ਅਸੀਂ ਪਿਛੇ ਦਸ ਆਏ ਹਾਂ ਕਿ ਦਸਮੇਸ਼ ਪਿਤਾ ਜੀ ਨੇ ਜੋ ਰਹਿਤ-ਰਹਿਣੀ ਸਿੰਘਾਂ ਨੂੰ ਬਖ਼ਸ਼ੀ, ਸੋਈਓ-ਸਿੰਘਣੀਆਂ ਨੂੰ। ਪੰਜ ਕਕਾਰਾਂ ਦੇ ਧਾਰਨ ਕਰਨ ਦੀ ਰਹਿਤ ਵੀ ਸਿੰਘਣੀਆਂ ਨੂੰ ਬਖ਼ਸ਼ੀ ਗਈ। ਪਰ ਕਈ ਭੈਣਾਂ ਤੇ ਵੀਰ ਸਿੰਘਾਂ ਲਈ ਛੋਟੀ ਦਸਤਾਰ (ਕੇਸਕੀ) ਤਾਂ ਮੰਨਦੇ ਹਨ, ਪਰ ਬੀਬੀਆਂ ਨੂੰ ਦਸਤਾਰਾਂ ਸਜਾਉਣ ਤੋਂ ਕੰਨੀ ਕਤਰਾਉਂਦੇ ਹਨ।

ਜੇ ਸਿੰਘਾਂ ਦੇ ਕੇਸਾਂ ਦੀ ਪਵਿਤਰਤਾ ਅਤੇ ਅਦਬ-ਸਤਿਕਾਰ ਲਈ 'ਕੇਸਕੀ' (ਛੋਟੀ ਦਸਤਾਰ) ਜ਼ਰੂਰੀ ਹੈ ਤਾਂ ਬੀਬੀਆਂ ਨੂੰ ਕੇਸਾਂ ਨੂੰ ਬੇਅਦਬ ਢੰਗ ਨਾਲ ਰਖਣ ਦੀ ਕਿਵੇਂ ਖੁਲ੍ਹ ਹੋ ਸਕਦੀ ਹੈ? ਜੇ ਸਿੰਘਾਂ ਦੇ ਕੇਸਾਂ ਨੂੰ ਮਿੱਟੀ-ਘਟੇ ਅਤੇ ਜੂਠ-ਮੂਠ ਤੋਂ ਬਚਾਣ ਲਈ 'ਕੇਸਕੀ' ਰਖਣ ਦਾ ਹੁਕਮ ਹੈ ਤਾਂ ਬੀਬੀਆਂ ਦੇ ਕੇਸਾਂ ਵਿਚ ਉਡ ਉਡ ਕੇ ਘਟਾ ਮਿਟੀ ਕਿਉਂ ਪੈਂਦਾ ਰਹੇ ਅਤੇ ਕਿਉਂ ਜੂਠੇ ਮੂਠੇ ਹੱਥ ਲਗਦੇ ਰਹਿਣ? ਜੇ ਸਿੰਘ ਸੈਂਕੜੇ ਹਜ਼ਾਰਾਂ ਵਿਚੋਂ ਸਤਿਗੁਰੂ ਦੀ ਬਖ਼ਸ਼ੀ ਰਹਿਤ-ਰਹਿਣੀ ਸਦਕਾ ਇਕੱਲਾ ਦੂਰੋਂ ਨਜ਼ਰ ਆ ਸਕਦਾ ਹੈ ਤਾਂ ਸਿੰਘਣੀ ਨੂੰ ਅੰਮ੍ਰਿਤ-ਦਾਤਾ ਜੀ ਕਿਵੇਂ ਐਸਾ ਮਿਲਗੋਭਾ ਬਣਾ ਸਕਦੇ ਸਨ, ਜੋ ਲਭਿਆਂ ਲਭ ਹੀ ਨਾ ਸਕੇ? ਜੇ ਦਸਮੇਸ਼ ਪਿਤਾ


www.AKJ.Org

ਜੀ ਨੇ ਸਿੰਘ ਨੂੰ ਨਿਆਰਾਪਣ ਬਖ਼ਸ਼ਿਆ ਹੈ ਤਾਂ ਸਿੰਘਣੀ ਨੂੰ ਵੀ ਨਿਆਰੇਪਣ ਦੀ ਦਾਤ ਜ਼ਰੂਰੀ ਬਖਸ਼ੀ ਹੈ। ਦਾਤਾਰ ਪਿਤਾ ਦੀਆਂ ਨਜ਼ਰਾਂ ਵਿਚ ਵਿਤਕਰਾ ਨਹੀਂ ਹੋ ਸਕਦਾ। "ਅਰਧ ਸਰੀਰੀ ਨਾਰਿ" ਨੂੰ ਸਤਿਗੁਰੂ ਨੇ ਸਿੰਘ ਦੇ ਸਮਾਨ ਹੀ ਪੂਰਨ ਰਹਿਤ ਰਹਿਣੀ ਬਖ਼ਸ਼ੀ ਹੈ।

ਸੋ ਇਹ ਕੇਸਕੀ ਦੀ ਰਹਿਤ ਸਿੰਘਾਂ ਵਾਂਗ ਹੀ ਸਿੰਘਣੀਆਂ ਲਈ ਵੀ ਜ਼ਰੂਰੀ ਹੈ। ਸਤਿਗੁਰੂ ਪਾਤਸ਼ਾਹ ਨੇ ਇਹ ਸਾਵੀਂ ਰਹਿਤ ਬਖਸ਼ ਕੇ ਫ਼ੈਸ਼ਨ-ਪ੍ਰਸਤੀ ਤੋਂ ਬਚਾ ਲਿਆ ਹੈ ਅਤੇ ਸਾਤਵਿਕ ਪ੍ਰਭਾਵ ਸਿੰਘਣੀਆਂ ਨੂੰ ਇਸ ਕਕਾਰ ਰਾਹੀਂ ਬਖ਼ਸ਼ਿਆ ਹੈ। 'ਕੇਸਕੀ' ਸਜਾਣ ਨਾਲ ਚਿਹਰੇ ਤੇ ਪਵਿਤਰਤਾ ਦਾ ਜਲੋ ਝਲਕਾਂ ਮਾਰਦਾ ਹੈ ਅਤੇ ਇਸਤ੍ਰੀਆਂ ਸ਼ੇਰਨੀਆਂ ਵਾਂਗ ਜਬ੍ਹੇ ਵਾਲੀਆਂ ਪ੍ਰਤੀਤ ਹੁੰਦੀਆਂ ਹਨ।

ਜੇ ਇਤਿਹਾਸ ਦੇ ਪਿਛੋਕੜ ਵਲ ਜਾਈਏ ਤਾਂ ਦਸਮ ਪਾਤਸ਼ਾਹ ਜੀ ਦੇ ਸਮੇਂ ਮਾਈ ਭਾਗ ਕੌਰ ਜੀ ਜਦ ਅਵਧੂਤ ਬ੍ਰਿਤੀ ਵਿਚ ਵਿਚਰਦੇ ਸੇ ਤਾਂ ਉਨ੍ਹਾਂ ਪ੍ਰਤੀ ਦਸਮੇਸ਼ ਜੀ ਨੇ ਨੰਦੇੜ ਸਾਹਿਬ ਵਿਖੇ ਹੁਕਮ ਕੀਤਾ ਸੀ ਕਿ ਸਾਡੇ ਸੰਗ ਤੂੰ ਤਾਂ ਰਹਿ ਸਕਦੀ ਹੈਂ ਜੇ ਤੇੜ ਕਛਹਿਰਾ ਅਤੇ ਸੀਸ ਤੇ ਛੋਟੀ ਦਸਤਾਰ ਸਜਾਵੇਂ।

ਇਸੇ ਤਰ੍ਹਾਂ ਪਰਸਿਧ ਅੰਗ੍ਰੇਜ਼ ਲਿਖਾਰੀ ਕਨਿੰਘਮ ਆਪਣੀ ਪੁਸਤਕ 'ਹਿਸਟਰੀ ਆਫ ਦੀ ਸਿਖਸ' ਵਿਚ ਲਿਖਦਾ ਹੈ ਕਿ ਸਿਖ ਇਸਤ੍ਰੀਆਂ ਆਪਣੇ ਪਹਿਰਾਵੇ ਵਿਚ ਹਿੰਦੂ ਇਸਤ੍ਰੀਆਂ ਨਾਲੋਂ ਵਖ ਪ੍ਰਤੀਤ ਹੁੰਦੀਆਂ ਹਨ, ਖ਼ਾਸ ਕਰਕੇ ਸਿਰ ਉਪਰ ਕੇਸਾਂ ਦੇ ਜੂੜੇ ਕਰਕੇ।

ਇਸੇ ਤਰ੍ਹਾਂ ਪੁਰਾਤਨ ਸਿੰਘਣੀਆਂ ਜੋ ਜੰਗਾਂ-ਜੁੱਧਾਂ ਵਿਚ ਵਿਚਰਦੀਆਂ ਰਹੀਆਂ ਅਤੇ ਖ਼ਾਲਸੇ ਦੀ ਭੀੜਾ ਦੇ ਸਮੇਂ ਸੇਵਾ ਨਿਭਾਉਂਦੀਆਂ ਰਹੀਆਂ ਉਹ ਸਭ 'ਕੇਸਕੀ' ਸੰਯੁਕਤ ਹੀ ਵਿਚਰਦੀਆਂ ਰਹੀਆਂ। ਨਿਹੰਗ ਸਿੰਘਾਂ ਵਿਚ ਅਜੇ ਤਕ ਬਹੁਤ ਸਾਰੀਆਂ ਸਿੰਘਣੀਆਂ ਦੇ ਦਰਸ਼ਨ ਕੇਸਕੀ ਸੰਯੁਕਤ ਹੁੰਦੇ ਹਨ। ਇਸੇ ਤਰ੍ਹਾਂ ਭਿੰਡਰਾਂ ਵਾਲੇ ਜੱਥੇ ਵਿਚ ਵੀ ਕਾਫ਼ੀ ਬੀਬੀਆਂ ਦਸਤਾਰ ਸਜਾਉਂਦੀਆਂ ਹਨ ਅਤੇ ਹੋਰ ਤਾਂ ਹੋਰ, ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਕਾਲੀ ਲਹਿਰ ਸਮੇਂ ਤਕ ਸਿੰਘਾਂ ਤੇ ਬੀਬੀਆਂ ਨੂੰ ਕੇਸਕੀ ਸੰਯੁਕਤ ਹੀ ਅੰਮ੍ਰਿਤ ਛਕਾਇਆ ਜਾਂਦਾ ਸੀ। ਓਦੋਂ ਸਿੰਘਾਂ ਦੇ ਪਰਬੰਧ ਹੇਠ ਚਲ ਰਹੇ ਲੜਕੀਆਂ ਦੇ ਕਈ ਸਕੂਲਾਂ ਵਿਚ ਸੈਂਕੜੇ ਵਿਦਿਆਰਥਣਾਂ ਕੇਸਕੀ ਸਜਾਉਂਦੀ ਸਨ, ਜਿਹਾ ਕਿ ਸਿਖ ਕੰਨਿਆ ਵਿਦਿਆਲਾ ਫੈਰੋਂ, ਜਸਪਾਲੋਂ ਤੇ ਗੁਰੂ ਸਰ ਸੁਧਾਰ ਆਦਿ। ਪੰਚ ਖ਼ਾਲਸਾ ਦੀਵਾਨ, ਮਾਲਵਾ ਖ਼ਾਲਸਾ ਦੀਵਾਨ, ਮਾਝਾ ਸੈਂਟਰਲ ਦੀਵਾਨ ਤੇ ਗੜਗਜ ਜੱਥੇ ਆਦਿ ਸਭ ਕੇਸਕੀ ਸੰਯੁਕਤ ਹੀ ਸਿੰਘ ਸਿੰਘਣੀਆਂ ਨੂੰ ਅੰਮ੍ਰਿਤ ਛਕਾਉਂਦੇ ਹੁੰਦੇ ਸਨ।

ਅਕਾਲੀ ਲਹਿਰ ਤੋਂ ਪਿਛੋਂ ਖ਼ਾਲਸੇ ਦੀ ਰਹਿਤ-ਰਹਿਣੀ ਵਿਚ ਕਮਜ਼ੋਰੀ ਵਾਪਰਨੀ ਸ਼ੁਰੂ ਹੋ ਗਈ। ਢਿਲਿਆਈ ਆਉਣ ਦਾ ਇਹ ਪਰਤਖ ਸਬੂਤ ਹੈ ਕਿ ਅਕਾਲੀ ਲਹਿਰ ਦੀ ਸਮਾਪਤੀ ਪਿਛੋਂ ਅਕਾਲ ਤਖਤ ਸਾਹਿਬ ਤੇ ਬੀਬੀਆਂ ਨੂੰ ਕੁਝ ਛੋਟ ਦੇ ਦਿਤੀ ਗਈ ਅਤੇ ਇਕ ਹਫ਼ਤਾ ਕੇਸਕੀ ਸਜਾਉਣ ਵਾਲੀਆਂ ਬੀਬੀਆਂ ਨੂੰ ਅੰਮ੍ਰਿਤ ਛਕਾਇਆ ਜਾਂਦਾ ਅਤੇ ਦੂਜੇ ਹਫ਼ਤੇ ਕੇਸਕੀ ਤੋਂ ਬਗ਼ੈਰ। ਦੋਹਾਂ ਹਫ਼ਤਿਆਂ ਵਿਚ ਸਿੰਘਾਂ ਨੂੰ ਕੇਸਕੀ ਦੀ ਛੋਟ ਨਹੀਂ ਦਿਤੀ ਜਾਂਦੀ ਸੀ। ਢਿਲਿਆਈ ਆਉਂਦੀ ਆਉਂਦੀ ਇਥੋਂ ਤਕ ਵਾਪਰ ਗਈ ਕਿ ਕੇਸਕੀ ਤਾਂ ਉਕਾ ਹੀ ਕਕਾਰਾਂ ਵਿਚੋਂ ਨਿਕਲ ਗਈ ਅਤੇ ਗਾਤਰੇ ਦੀ ਕਿਰਪਾਨ ਕੰਘੇ ਨਾਲ ਜਾ ਚੰਬੜੀ।

ਪਰ ਅਜ ਫੈਸ਼ਨ-ਪ੍ਰਸਤੀ ਦਾ ਐਸਾ ਹੜ੍ਹ ਆਇਆ ਹੋਇਆ ਹੈ ਕਿ ਇਸ ਵਹਿਣ ਵਿਚ ਸਭ ਰੁੜ੍ਹਦੇ ਜਾ ਰਹੇ ਹਨ ਅਤੇ ਜੋ ਗੁਰਮਤਿ ਦੀ ਸੱਚੀ ਸੁਚੀ ਕਮਾਈ ਤੋਂ ਊਰੇ ਓਛੇ ਸਿਖੀ ਦਾ ਦੰਮ ਭਰਦੇ ਹਨ ਉਹ ਵੀ ਇਸ ਰੋੜ੍ਹ ਤੋਂ ਨਹੀਂ ਬਚ ਸਕੇ। ਉਹ ਅੰਮ੍ਰਿਤਧਾਰੀ ਅਖਵਾਂਦੇ ਹੋਏ ਵੀ ਹੋਛੀਆਂ ਸਰੀਰਕ ਸਜਾਵਟਾਂ ਵਿਚ ਉਲਝ ਗਏ ਹਨ ਅਤੇ ਨਗਨ-ਪਣ ਤੇ ਭੜਕੀਲੇ ਪਹਿਰਾਵਿਆਂ ਦਾ ਸ਼ਿਕਾਰ ਹੋ ਰਹੇ ਹਨ। ਆਪਣੇ ਵਲੋਂ ਤਾਂ ਉਹ ਸੋਹਣੇ ਬਣ ਬਣ ਬਹਿੰਦੇ ਹਨ, ਪਰ ਸਹੀ ਅਰਥਾਂ ਵਿਚ ਉਹ ਕੁਹਜ ਤੇ ਚਿਕੜ ਵਿਚ ਫਸ ਕੇ ਗੁਰਸਿਖੀ ਨੂੰ ਹਥੋਂ ਗਵਾ ਰਹੇ ਹਨ।

ਇਸ ਫ਼ੈਸ਼ਨ-ਪ੍ਰਸਤੀ ਦੇ ਅਸਰ ਤੋਂ 'ਕੇਸਕੀ' ਸਜਾਉਣ ਵਾਲੀਆਂ ਬੀਬੀਆਂ ਵੀ ਨਹੀਂ ਬਚ ਰਹੀਆਂ ਅਤੇ ਉਨ੍ਹਾਂ ਦੇ ਕੇਸ ਪੂਰੀ ਤਰ੍ਹਾਂ ਢਕੇ ਹੋਣ ਦੀ ਥਾਂ ਅਧ-ਨੰਗੇ ਹੁੰਦੇ ਹਨ। ਅਤੇ ਕਈ ਵਾਰੀ ਇਧਰੋਂ ਉਧਰੋਂ ਕੇਸ



www.AKJ.Org

ਲਮਕਦੇ ਹੁੰਦੇ ਹਨ। ਕੇਸਾਂ ਦਾ ਜੂੜਾ ਦਸਮ ਦੁਆਰ ਉਪਰ ਹੋਣਾ ਚਾਹੀਦਾ ਹੈ ਅਤੇ ਕੇਸਕੀ ਨਾਲ ਮੱਥੇ ਦੇ ਉਪਰ ਦਾ ਹਿੱਸਾ ਕਜਿਆ ਹੋਣਾ ਜ਼ਰੂਰੀ ਹੈ। ਕੇਸਕੀ ਸਜਾਉਣ ਵਾਲੀਆਂ ਬੀਬੀਆਂ ਨੂੰ ਭੜਕੀਲੇ ਪਹਿਰਾਵਿਆਂ ਤੋਂ ਸੰਕੋਚ ਕਰਨਾ ਚਾਹੀਦਾ ਹੈ ਅਤੇ ਨਗਨ-ਪਣ ਵਾਲੇ ਤੇ ਤੰਗ ਲਿਬਾਸਾਂ ਤੋਂ ਬਚਣਾ ਚਾਹੀਦਾ ਹੈ। ਸਾਦਾ ਤੇ ਸਰੀਰ ਨੂੰ ਕਜ ਕੇ ਰਖਣ ਵਾਲਾ ਲਿਬਾਸ ਹੀ ਸੁਆਣੀਆਂ ਦਾ ਪਹਿਰਾਵਾ ਹੁੰਦਾ ਹੈ।

ਨਾਲ ਹੀ ਇਕ ਗੱਲ ਖ਼ਾਸ ਤੌਰ ਤੇ ਵਿਚਾਰਨ ਵਾਲੀ ਹੈ ਕਿ ਇਹ ਪੰਜ-ਕਕਾਰੀ ਰਹਿਤ ਸਤਿਗੁਰੂ ਨੇ ਬਖ਼ਸ਼ੀ ਹੈ ਸਿਖੀ ਵਿਚ ਪਰਪਕ ਹੋਣ ਲਈ, ਸਚੀ ਸੁਚੀ ਕਮਾਈ ਕਰਨ ਲਈ, ਭੈ-ਭਾਵਨੀ ਵਿਚ ਵਿਚਰਨ ਲਈ, ਨੇਕ ਤੇ ਸੱਚ ਤੇ ਅਧਾਰਤ ਜੀਵਨ ਬਿਤਾਣ ਲਈ ਅਤੇ ਸਤਸੰਗਤ ਵਿਚ ਵਿਚਰ ਕੇ ਸੇਵਾ ਸਿਮਰਨ ਕਰਨ ਲਈ, ਅਤੇ ਮਨੁੱਖ ਮਾਤਰ ਨਾਲ ਪਿਆਰ ਕਰਨ ਲਈ। ਪਰ ਜੇ ਕੇਸਕੀ ਤੇ ਹੋਰ ਕਕਾਰ ਸਜਾ ਕੇ ਅਸੀਂ ਦੂਜਿਆਂ ਨੂੰ ਨਫ਼ਰਤ ਕਰਦੇ ਹਾਂ, ਆਪਣੇ ਆਪ ਨੂੰ ਹੋਰਨਾਂ ਨਾਲੋਂ ਚੰਗਾ ਸਮਝਦੇ ਹਾਂ ਤਾਂ ਅਜੇ ਸੇਵਾ ਸਿਮਰਨ ਤੋਂ ਦੁਰਾਡੇ ਹਾਂ। ਕਈ ਐਸੀਆਂ ਵੀ ਰੂਹਾਂ ਹੁੰਦੀਆਂ ਹਨ ਜੋ ਕਿਸੇ ਭੁਲੇਖੇ ਕਾਰਨ 'ਕੇਸਕੀ' ਜਾਂ ਹੋਰ ਕਿਸੇ ਕਕਾਰ ਤੋਂ ਵਿਰਵੀਆਂ ਹੁੰਦੀਆਂ ਹਨ, ਪਰ ਅਮਲੀ ਜੀਵਨ ਤੇ ਘਾਲ ਕਮਾਈ ਕਰ ਕੇ ਉਹ ਬਹੁਤਿਆਂ ਨਾਲੋਂ ਅਗੇ ਹੁੰਦੀਆਂ ਹਨ। ਐਸੀਆਂ ਰੂਹਾਂ ਨੂੰ ਪਿਆਰ ਨਾਲ ਸਹਿਜੇ ਸਹਿਜੇ ਪ੍ਰੇਰੋ, ਕੋਈ ਸਮਾਂ ਆਵੇਗਾ ਜਦੋਂ ਉਹ ਰੂਹਾਂ ਸਾਡੇ ਤੁਹਾਡੇ ਤੋਂ ਵਧ ਰਹਿਤਵਾਨ ਹੋ ਨਿਬੜਨਗੀਆਂ। ਸਤਿਗੁਰੂ ਸਭਸ ਨੂੰ ਗੁਰਮਤਿ ਬਖ਼ਸ਼ੇ।

[ਵਲੋਂ ਸੂਰਾ ਪਰਵਾਰ

## ਸ਼ੋਕਮਈ ਅਕਾਲ-ਚਲਾਣਾ

ਇਹ ਖ਼ਬਰ ਬੜੇ ਦੁਖ ਨਾਲ ਪੜ੍ਹੀ ਜਾਵੇਗੀ ਕਿ ਡਾਕਟਰ ਬਲਬੀਰ ਸਿੰਘ ਜੀ (ਭਰਾਤਾ ਭਾਈ ਸਾਹਿਬ ਵੀਰ ਸਿੰਘ ਜੀ) ੧ ਅਕਤੂਬਰ ੧੯੭੪ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਆਪ ਦੀ ਆਯੂ ਇਸ ਵਕਤ ੭੮ ਵਰ੍ਹੇ ਦੀ ਸੀ। ਆਪ ਜੀ ਨੇ ਗੁਰਮਤਿ ਤੇ ਕਈ ਪੁਸਤਕਾਂ ਲਿਖੀਆਂ ਅਤੇ ਅਜ ਕਲ੍ਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਹਾਇਤਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਰਤੇ ਹਰੇਕ ਸ਼ਬਦ ਦੀ ਉਤਮ ਰੀਤੀ ਨਾਲ ਅਰਥ-ਵਿਆਖਿਆ ਕਰਨ ਦਾ ਮਹਾਨ ਕਾਰਜ ਅਰੰਭਿਆ ਹੋਇਆ ਸੀ। ਇਸ ਦੀ ਪਹਿਲੀ ਜਿਲਦ 'ਨਿਰੁਕਤਿ' ਨਾਂ ਹੇਠ ਛਪ ਚੁਕੀ ਹੈ ਤੇ ਦੂਜੀ ਜਿਲਦ ਛਪ ਰਹੀ ਹੈ।ਇਹ ਸਾਰੀ ਵਿਆਖਿਆ ਲਗ ਪਗ ਵੀਹ ਕੁ ਜਿਲਦਾਂ ਵਿਚ ਮੁਕੰਮਲ ਹੋਵੇਗੀ।

ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਅਤੇ ਸਜਣਾਂ ਮਿਤਰਾਂ ਤੇ ਸੰਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

## ਅਖੰਡ ਕੀਰਤਨੀ ਜੱਥਾ ਜਲੰਧਰ ਵਲੋਂ ਨਵੰਬਰ ੧੯੭੪ ਦੇ ਪ੍ਰੋਗਰਾਮ

੨ ਨਵੰਬਰ ਸ਼ਨੀਵਾਰ ਰਾਤ ਨੂੰ ਰੈਣ-ਸਬਾਈ ਕੀਰਤਨ ਤੇ ਅੰਮ੍ਰਿਤ-ਸੰਚਾਰ ਪਿੰਡ ਦਿਆਲਪੁਰ।
੧੦ ਨਵੰਬਰ ਐਤਵਾਰ ਸਵੇਰੇ ੫ ਤੋਂ ੧੦ ਕੀਰਤਨ, ਅਕਾਲੀ ਕਲਿਆਨ ਸਿੰਘ ਜੀ ਦੇ ਗ੍ਰਿਹ ਬਸਤੀ ਸ਼ੇਖਾਂ ਵਿਖੇ।
੧੭ ਨਵੰਬਰ ਐਤਵਾਰ ਸਵੇਰੇ ੫ ਤੋਂ ੧੦ ਕੀਰਤਨ, ਗੁਰਦਵਾਰਾ ਸਾਹਿਬ, ਇੰਡਸਟਰੀਅਲ ਏਰੀਆ, ਜਲੰਧਰ।
੨੪ ਨਵੰਬਰ ਐਤਵਾਰ ਸਵੇਰੇ ੫ ਤੋਂ ੧੦ ਕੀਰਤਨ, ਗੁਰਦਵਾਰਾ ਮਹੱਲਾ ਸਰਾਜ ਗੰਜ, ਜਲੰਧਰ।
੨੮ ਨਵੰਬਰ ਸ਼ਾਮ ਤੋਂ ੧ ਦਸੰਬਰ ਸਵੇਰ ਤਕ—ਸਾਲਾਨਾ ਸਮਾਗਮ ਲਾਇਲਪੁਰ ਖ਼ਾਲਸਾ ਹਾ: ਸਕੈਂਡਰੀ ਸਕੂਲ ਵਿਖੇ।



www.AKJ.Org

# ਜੀਵਨ - ਜਾਚ

[ ਵਲੋਂ — ਸ: ਹਜ਼ਾਰਾ ਸਿੰਘ ਜੀ, ਅਕਾਊਂਟਸ ਆਫ਼ੀਸਰ ਰੀਟਾਇਰਡ, ਨਵੀਂ ਦਿਲੀ ]

ਸਭ ਤੋਂ ਪਹਿਲਾਂ ਇਹ ਵੇਖੀਏ ਕਿ ਮਨੁਖੀ ਸਰੀਰ, ਜਿਸ ਦੀ ਖ਼ਾਤਰ ਅਸੀਂ ਸੱਚ ਨੂੰ ਛੱਡ ਆਪਣੇ ਭਰਾਵਾਂ ਨਾਲ ਧੋਖਾ, ਵਲ ਛਲ ਤੇ ਫ਼ਰੇਬ ਕਰਦੇ ਹਾਂ, ਦੀ ਬਣਤਰ ਕੀ ਹੈ? ਅੱਜ ਦਾ ਮਨੁਖ ਸਮਝਦਾ ਹੈ ਕਿ ਸਰੀਰ ਹੀ ਸਭ ਕੁਛ ਹੈ ਅਤੇ ਇਸ ਸਰੀਰ ਦੀ ਪਾਲਣਾ ਕਰਨਾ ਹੀ ਉਸ ਦਾ ਪਰਮ ਧਰਮ ਹੈ। ਉਹ ਇਸ ਨੂੰ ਸੁਖੀ ਰਖਣ ਲਈ ਦਿਨ ਰਾਤ ਮਾਇਕ ਪਦਾਰਥ ਇਕੱਠੇ ਕਰਦਾ ਤੇ ਸੱਚ ਝੂਠ ਬੋਲਦਾ ਹੈ, ਪਰ ਫਿਰ ਭੀ ਦੁਖੀ ਹੈ। ਕਿਉਂਕਿ ਮਨ ਸੁਖੀ ਨਹੀਂ।

**ਸਰੀਰ—**

ਮਨੁਖੀ ਸਰੀਰ ਮਾਂ ਦੀ ਰਕਤ ਤੇ ਬਾਪ ਦੀ ਬਿੰਦ ਦੇ ਸੁਮੇਲ ਤੋਂ ਬਣਦਾ ਹੈ। ਰਕਤ ਤੇ ਬਿੰਦ ਦੋਵੇਂ ਮਾਇਕ ਪਦਾਰਥ ਹਨ ਤੇ ਆਪਣੇ ਆਪ ਵਿਚ ਸੁਤੰਤਰ ਨਹੀਂ, ਜੋ ਜੀਵ ਨੂੰ ਜਨਮ ਦੇ ਸਕਣ। ਸਾਇੰਸਦਾਨਾਂ ਨੇ ਅਨੇਕ ਤਜਰਬੇ ਕੀਤੇ ਹਨ ਕਿ ਰਕਤ ਤੇ ਬਿੰਦੂ ਨੂੰ ਸ਼ੀਸ਼ੇ ਦੀ ਟਿਊਬ ਵਿਚ ਮਿਲਾ ਕੇ ਖ਼ਾਸ ਤਾਪਮਾਨ ਤੇ ਰਖ ਕੇ ਜੀਵ ਪੈਦਾ ਕੀਤਾ ਜਾ ਸਕੇ, ਪਰ ਸਫ਼ਲ ਨਹੀਂ ਹੋਏ। ਸਾਡੇ ਦੇਸ਼ ਦੇ ਪੁਰਾਤਨ ਬਜ਼ੁਰਗਾਂ ਅਤੇ ਸਿਖ ਗੁਰੂ ਸਾਹਿਬਾਨ ਨੇ ਦਸਿਆ ਹੈ ਕਿ ਸਰੀਰ ਦਾ ਮੂਲ ਕਾਰਨ ਪ੍ਰਭੂ ਦੀ ਜੋਤਿ ਹੈ, ਜਿਸ ਨੂੰ 'ਆਤਮਾ' ਭੀ ਆਖਦੇ ਹਨ। ਇਸ ਤੋਂ ਬਗੈਰ ਜੀਵ ਜਨਮ ਨਹੀਂ ਲੈ ਸਕਦਾ :—

"ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ
ਰਖੀ, ਤਾ ਤੂ ਜਗ ਮਹਿ ਆਇਆ ॥"

[ਅਨੰਦੁ ਸਾਹਿਬ, ਪਉੜੀ ੩੩

ਮਾ ਕੀ ਰਕਤੁ ਪਿਤਾ ਬਿੰਦੁ ਧਾਰਾ ॥
ਮੂਰਤਿ ਸੂਰਤਿ ਕਰਿ ਅਪਾਰਾ ॥
ਜੋਤਿ ਦਾਤਿ ਜੇਤੀ ਸਭ ਤੇਰੀ,
ਤੂ ਕਰਤਾ ਸਭ ਠਾਈ ਹੈ ॥੪॥

[ਰਾਗ ਮਾਰੂ ਸੋ: ਮ: ੧, ਪੰਨਾ ੧੦੨੨

ਜਲ ਕੀ ਭੀਤਿ, ਪਵਨ ਕਾ ਥੰਭਾ,
ਰਕਤ ਬੂੰਦ ਕਾ ਗਾਰਾ ॥
ਹਾਡ ਮਾਸ ਨਾੜੀ ਕੋ ਪਿੰਜਰੁ,
ਪੰਖੀ ਬਸੈ ਬਿਚਾਰਾ ॥੧॥

[ਸੋਰਠਿ ਭਗਤ ਰਵਿਦਾਸ ਜੀ, ਪੰਨਾ ੬੫੯

ਇਹ ਜੋਤਿ ਸਰੀਰ ਵਿਚ ਜਾਨ ਪੈਦਾ ਕਰਦੀ ਹੈ। ਮਾਂ ਦੀ ਰਕਤ ਤੇ ਪਿਤਾ ਦੀ ਬਿੰਦ ਤੇ ਨਿਰਜਿੰਦ ਗਾਰੇ ਤੇ ਇੱਟਾਂ ਦੀ ਨਿਆਈਂ ਜੋਤਿ ਦਾ ਘਰ ਭਾਵ ਸਰੀਰ ਬਨਾਣ ਦਾ ਕੰਮ ਕਰਦੇ ਹਨ :—

"ਮਾਤ ਪਿਤਾ ਸੰਜੋਗਿ ਉਪਾਏ,
ਰਕਤੁ ਬਿੰਦੁ ਮਿਲਿ ਪਿੰਡੁ ਕਰੇ ॥

[ਮਾਰੂ ਮ: ੧ ਅਸਟ, ਪੰਨਾ ੧੦੧੩

ਮਾਂ ਬਾਪ ਦਾ ਮੇਲ ਸੰਜੋਗ ਕਰਦਾ ਹੈ। ਮਾਤਾ ਦੇ ਗਰਭ ਵਿਚ ਸਰੀਰ ਹੋਂਦ ਧਾਰਦਾ ਹੈ ਤੇ ਇਸ ਵਿਚ ਆਤਮਾ ਨਿਵਾਸ ਕਰਦੀ ਹੈ। ਨਿਸ਼ਚਿਤ ਸਮੇਂ ਬਾਅਦ ਜੀਵ ਜਗਤ ਵਿਚ ਆਉਂਦਾ, ਭਾਵ ਪੈਦਾ ਹੁੰਦਾ ਹੈ। ਪੈਦਾਇਸ਼ ਦਾ ਇਹ ਤਰੀਕਾ ਹਰ ਦੇਸ਼, ਕੌਮ, ਅਮੀਰ, ਗਰੀਬ ਵਾਸਤੇ ਇਕੋ ਜਿਹਾ ਹੈ। ਇਹ ਨਾ ਕਿਸੇ ਸਾਇੰਸ-ਦਾਨ ਨੇ ਬਦਲਿਆ ਹੈ, ਨਾ ਕੋਈ ਬਦਲ ਸਕਦਾ ਹੈ। ਜਦ ਸਰੀਰ ਮਾਂ ਦੇ ਪੇਟ ਤੋਂ ਬਾਹਰ ਆਉਂਦਾ ਹੈ ਤਾਂ ਇਹ ਹੱਡ ਮਾਸ ਨਾੜੀ ਦਾ ਪਿੰਜਰ ਨਜ਼ਰ ਆਉਂਦਾ ਹੈ। ਇਸ ਪਿੰਜਰੇ ਵਿਚ ਆਤਮਾ ਇਕ ਪੰਛੀ ਦੀ ਨਿਆਈਂ ਵਸਦੀ ਹੈ। ਭਾਵ ਸਰੀਰ ਦੀ ਚੰਮੜੀ ਨੇ ਪੱਠੇ ਹੱਡੀਆਂ ਨਾੜੀਆਂ ਨੂੰ ਲਪੇਟਿਆ ਹੋਇਆ ਹੁੰਦਾ ਹੈ। ਸਰੀਰ ਵਿਚ ਕਿੰਨੇ ਮੀਲ ਲੰਮੀਆਂ ਖ਼ੁਰਾਕ ਤੇ ਖ਼ੂਨ ਦੀਆਂ ਨਾੜੀਆਂ, ਫੇਫੜੇ, ਦਿਲ, ਮਿਹਦਾ, ਦਿਮਾਗ ਆਦਿ ਜ਼ਰੂਰੀ ਇੰਦਰੇ ਹਨ। ਫੇਫੜੇ ਬਾਹਰੋਂ ਹਵਾ ਲੈਂਦੇ ਹਨ ਤੇ ਮਿਹਦੇ ਵਿਚ ਖ਼ੁਰਾਕ ਤੋਂ ਖ਼ੂਨ ਬਣਦਾ ਹੈ। ਖ਼ੂਨ ਤੇ ਹਵਾ ਦੇ ਆਸਰੇ ਹੀ ਸਰੀਰ ਖੜਾ ਹੈ, ਮਾਨੋ ਇਹ ਘਰ ਦੇ ਥੰਮ ਤੇ ਦੀਵਾਰਾਂ ਹਨ। ਦਿਲ ਤੇ ਨਾੜੀਆਂ ਸਾਰੇ ਹੀ ਸਰੀਰ ਨੂੰ ਖ਼ੂਨ ਤੇ ਹਵਾ ਪਹੁੰਚਾਉਂਦੀਆਂ ਹਨ। ਮਿਅਦੇ ਵਿਚ ਅਗਨੀ ਪੈਦਾ ਹੁੰਦੀ ਹੈ ਜੋ ਸਰੀਰ ਦੀ ਕਿਰਿਆ ਸਾਧਣ ਲਈ ਲੋੜੀਂਦੀ ਹੈ। ਪਾਣੀ ਸਰੀਰ ਵਿਚ ਖ਼ੂਨ ਨੂੰ ਚਾਲੂ ਰਖਦਾ ਹੈ ਤੇ ਧਰਤੀ ਦੇ ਉਪਜਾਊ ਪਦਾਰਥਾਂ ਨਾਲ ਹੱਡੀਆਂ ਪੱਠੇ


www.AKJ.Org

ਤੇ ਮਾਸ ਬਣਦਾ ਹੈ। ਸਰੀਰ ਦੀ ਕਿਰਿਆ ਆਪਣੇ ਆਪ ਤੁਰਦੀ ਹੈ। ਦਿਲ, ਦਿਮਾਗ, ਫੇਫੜੇ ਤੇ ਗੁਰਦੇ ਰਾਤ ਦਿਨ ਕੰਮ ਕਰਦੇ ਹਨ । ਸਰੀਰ ਵਿਚ ਪੰਜ ਗਿਆਨ-ਇੰਦਰੇ (ਅੱਖਾਂ, ਨੱਕ, ਕੰਨ, ਰਸਨਾ, ਤ੍ਵਚਾ) ਤੇ ਪੰਜ ਕਰਮ-ਇੰਦਰੇ (ਹੱਥ, ਪੈਰ, ਜੀਭ, ਸੁਸੂ, ਗੁਦਾ) ਹਨ। ਦਿਮਾਗ ਬੁੱਧੀ ਦਾ ਘਰ ਹੈ। ਸਰੀਰ ਤੇ ਇੰਦਰੇ ਟੁਰਦੇ ਤਾਂ ਮਨ ਦੀ ਅਗਵਾਈ ਹੇਠ ਹੀ ਟੁਰਦੇ ਹਨ। ਭਾਵ ਮਨ ਸਰੀਰ ਨੂੰ ਪਾਲਦਾ ਹੈ ਤੇ ਇਸ ਦੀ ਰਖਿਆ ਕਰਦਾ ਤੇ ਰਸ ਕਸ ਮਾਣਦਾ ਹੈ। ਆਉ ਹੁਣ ਦੇਖੀਏ, ਮਨ ਕੀ ਹੈ ?

**ਮਨ—**

ਸਥੂਲ ਸਰੀਰ ਤੇ ਇਸ ਦੇ ਅੰਦਰ ਵਸਦੀ ਆਤਮਾ ਆਪਸ ਵਿਚ ਜੁੜੇ ਨਹੀਂ। ਇਹਨਾਂ ਦੇ ਵਿਚਕਾਰ ਜੋ ਵਿੱਥ ਹੈ ਉਸ ਨੂੰ 'ਮਨ' ਆਖਦੇ ਹਨ। ਮਨ ਦੇ ਚਾਰ ਹਿੱਸੇ ਹਨ: ਸੁਰਤ (Attention), ਮਤ (Intention), ਮਨ (Desire), ਤੇ ਬੁੱਧ (Intellect) । ਸਥੂਲ ਸਰੀਰ ਮਨ ਦੀ ਚਾਰ-ਦੀਵਾਰੀ ਹੈ। ਨਿਰਜਿੰਦ ਪਦਾਰਥਾਂ ਵਿਚ ਮਨ ਬਿਲਕੁਲ ਨਹੀਂ ਹੁੰਦਾ। ਬਨਸਪਤੀ (Veg-Kingdom) ਵਿਚ ਨਾਮ ਮਾਤਰ ਤੇ ਜਾਨਵਰ ਜੀਵਾਂ ਵਿਚ ਮਨ ਪ੍ਰਕਾਸ਼ਕ ਰੂਪ ਵਿਚ (Clear developed) ਹੈ ਤੇ ਮਨੁਖੀ ਮਨ ਪੂਰੀ ਤਰ੍ਹਾਂ ਵਿਕਸਿਤ ਹੈ (Fully developed), ਮਨ ਇੰਦਰਿਆਂ ਦੁਆਰਾ ਬਾਹਰਲੀ ਦੁਨੀਆਂ ਨਾਲ ਮੇਲ ਰਖਦਾ ਹੈ ਤੇ ਇਸ ਦੇ ਅੰਦਰਲੇ ਪਾਸੇ ਵਸਦੀ ਹੈ ਜੀਵ-ਆਤਮਾ। ਭਾਵ ਮਨ ਜੀਵ-ਆਤਮਾ ਦਾ ਘਰ ਹੈ । ਤੀਸਰੇ ਪਾਤਸ਼ਾਹ ਜੀ ਨੇ ਮਨ ਨੂੰ "ਪੰਚ ਭੂ ਆਤਮਾ" ਕਿਹਾ ਹੈ :—

"ਪੰਚ ਭੂ ਆਤਮਾ ਵਸਿ ਕਰਹਿ,
ਤਾ ਤੀਰਥ ਕਰਹਿ ਨਿਵਾਸੁ ॥"

[ਗੂਜਰੀ ਮ: ੩, ਪੰਨਾ ੪੯੧

ਕਬੀਰ ਜੀ ਦਾ ਸ਼ਬਦ ਇਸ ਗੱਲ ਨੂੰ ਹੋਰ ਖੋਲ੍ਹ ਕੇ ਦਸਦਾ ਹੈ :—

"ਇਹੁ ਮਨੁ ਸਕਤੀ ਇਹੁ ਮਨੁ ਸੀਉ ॥
ਇਹੁ ਮਨੁ ਪੰਚ ਤਤ ਕੋ ਜੀਉ ॥

[ਗਉੜੀ ਕਬੀਰ ਜੀ, ਬਾਵਨ ਅਖਰੀ ਪੰਨਾ ੩੪੨

ਜਦ ਪੰਜਾਂ ਤੱਤਾਂ ਤੋਂ ਬਣਿਆ ਸਰੀਰ ਹੋਂਦ ਵਿਚ ਆਉਂਦਾ ਹੈ ਤਾਂ ਮਨ ਭੀ ਹੋਂਦ ਵਿਚ ਆਉਂਦਾ ਹੈ। ਸਰੀਰ ਨਾਲ ਜੁੜ ਕੇ ਸਰੀਰ ਰੂਪ ਹੋ ਜਾਂਦਾ ਹੈ ਤੇ ਮਾਇਕ ਪਦਾਰਥਾਂ ਵਿਚ ਰਚ-ਮਿਚ ਜਾਂਦਾ ਹੈ ਤੇ ਇਸ ਦੀ ਸਾਰੀ ਸ਼ਕਤੀ ਮਾਇਆ ਵਿਚ ਖੇਡਦੀ ਹੈ। ਤਦ ਇਹ ਆਪਣੇ ਆਪ ਨੂੰ ਸਰੀਰ ਹੀ ਸਮਝਦਾ ਹੈ। ਉਸ ਵਕਤ ਇਹ ਅੰਤਰ-ਪ੍ਰਕਾਸ਼ਕ ਜੋਤਿ (ਆਤਮ) ਤੇ ਓਝਲ ਹੁੰਦਾ ਹੈ। ਐਸਾ ਮਨ ਭੁਲੇਖੇ ਵਿਚ ਪੈ ਜਾਂਦਾ ਹੈ ਤੇ ਸਮਝਦਾ ਹੈ ਕਿ ਸੰਸਾਰ ਹੀ ਸਤਯ ਹੈ। ਭੁੱਲਾ ਮਨ ਸਾਰੀ ਸ਼ਕਤੀ ਵਿਕਾਰਾਂ ਤੇ ਭੋਗਾਂ ਵਿਚ ਖਰਚ ਕਰਦਾ ਹੈ। ਜਦ ਮਨ ਅੰਤਰ-ਆਤਮਾ ਨਾਲ ਲੜਦਾ ਹੈ ਤਾਂ ਇਹ ਸੀਉ ਰੂਪ ਹੋ ਜਾਂਦਾ ਹੈ, ਭਾਵੇਂ ਜੋਤਿ-ਸਰੂਪ ਹੁੰਦਾ ਹੈ। ਤਦ ਇਸ ਦੇ ਸੰਕਲਪ ਉੱਚੇ ਹੁੰਦੇ ਹਨ, ਆਪਣੇ ਧਰਮ ਨੂੰ ਪਹਿਚਾਣਦਾ ਹੈ ਤੇ ਉਸ ਤੇ ਅਮਲ ਕਰਦਾ ਹੈ ਤੇ ਆਪਣੀ ਸਾਰੀ ਸ਼ਕਤੀ ਤੇ ਇੰਦਰੀਆਂ ਨੂੰ ਕਾਬੂ ਵਿਚ ਰਖਦਾ ਹੈ ਤੇ ਭਲੇ ਕੰਮਾਂ ਵਿਚ ਖ਼ਰਚ ਕਰਦਾ ਹੈ। ਜਦ ਤਕ ਸਰੀਰ ਹੈ ਤਦ ਤਕ ਇਹ ਤਿੰਨੇ ਰੂਪ ਰਹਿੰਦੇ ਹਨ, ਨਹੀਂ ਤਾਂ ਸਰੀਰ ਦੀ ਕਿਰਿਆ ਖਲੋ ਜਾਵੇ। ਜਦ ਸਰੀਰ ਮ੍ਰਿਤੂ ਹੋ ਜਾਂਦਾ ਹੈ ਤਦ ਮਨ ਦਾ ਭੀ ਨਾਸ਼ ਹੋ ਜਾਂਦਾ ਹੈ। ਮਿਰਤਕ ਸਰੀਰ ਵਿਚ ਦਿਮਾਗ ਭੀ ਹੁੰਦਾ ਹੈ ਤੇ ਗਿਆਨ ਇੰਦਰੇ ਭੀ, ਪਰ ਨ ਇਹ ਸੋਚ ਸਕਦਾ ਹੈ ਤੇ ਨ ਮਹਿਸੂਸ ਕਰ ਸਕਦਾ ਹੈ। ਮ੍ਰਿਤੂ ਸਰੀਰ ਵਿਚੋਂ ਜੀਵ-ਆਤਮਾ ਉਡ ਜਾਂਦੀ ਹੈ, ਉਹ ਮਰਦੀ ਨਹੀਂ—

ਦੇਹੀ ਮਾਟੀ ਬੋਲੈ ਪਉਣੁ ॥
ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥
ਮੂਈ ਸੁਰਤਿ ਬਾਦੁ ਅਹੰਕਾਰੁ ॥
ਓਹੁ ਨ ਮੂਆ ਜੋ ਦੇਖਨਹਾਰ ॥੨॥......
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥
ਮਰਤਾ ਜਾਤਾ ਨਦਰਿ ਨ ਆਇਆ ॥੪॥੪॥

[ਗਉੜੀ ਮਹਲਾ ੧, ਪੰਨਾ ੧੫੨

**ਜੀਵ-ਆਤਮਾ—**

ਮਨ ਜੀਵ-ਆਤਮਾ ਦਾ ਘਰ ਹੈ। ਜੀਵ-ਆਤਮਾ ਪਰਮ-ਆਤਮਾ (ਜਿਸ ਨੂੰ ਬ੍ਰਹਮ, ਨਿਰੰਜਨ, ਵਾਹਿਗੁਰੂ, ਰਾਮ ਜਾਂ ਨਿਰੰਕਾਰ ਭੀ ਆਖਦੇ ਹਨ) ਦਾ ਇਕ ਨਿੱਕਾ ਜਿਹਾ ਹਿੱਸਾ ਹੈ। ਬ੍ਰਹਮ ਦਾ ਕੋਈ ਰੂਪ ਤੇ ਅਕਾਰ ਨਹੀਂ। ਨ ਇਹ ਵਸਤੂ ਹੈ ਨ ਤਾਣ (Energy) । ਇਸ ਕਾਰਨ ਇਸ ਨੂੰ ਲਿਖਤ ਤੇ ਬੋਲੀ ਦੁਆਰਾ ਬਿਆਨ ਨਹੀਂ ਕੀਤਾ



www.AKJ.Org

ਜਾ ਸਕਦਾ। ਇਸ ਨੂੰ ਸਮਝਣ ਲਈ ਸਮੁੰਦਰ ਤੇ ਬੂੰਦ ਦੀ ਮਿਸਾਲ ਦਿੱਤੀ ਜਾਂਦੀ ਹੈ। ਜਿਵੇਂ ਬੂੰਦ ਸਮੁੰਦਰ ਦਾ ਇਕ ਛੋਟੇ ਤੋਂ ਛੋਟਾ ਹਿੱਸਾ ਹੈ, ਤਿਵੇਂ ਜੀਵ-ਆਤਮਾ ਬ੍ਰਹਮ ਦੀ ਇਕ ਛੋਟੀ ਅੰਸ਼ ਹੈ। ਪਾਣੀ ਦੀ ਬੂੰਦ ਤੇ ਸਮੁੰਦਰ ਦੇ ਪਾਣੀ ਵਿਚ ਕੋਈ ਭੇਦ ਨਹੀਂ, ਇਸੇ ਤਰ੍ਹਾਂ ਆਤਮਾ ਤੇ ਬ੍ਰਹਮ ਵਿਚ ਕੋਈ ਭੇਦ ਨਹੀਂ। ਜਿਵੇਂ ਪਾਣੀ ਵਿਚ-ਦੀ ਬੂੰਦ ਨੂੰ ਸਮੁੰਦਰ ਤੋਂ ਨਿਖੇੜਨ ਜਾਂ ਕੱਢਣ ਲਈ ਕਿਸੇ ਡਰਾਪਰ (ਛੋਟਾ ਗਲਾਸ) ਦੀ ਲੋੜ ਹੈ, ਓਵੇਂ ਜਦ ਆਤਮਾ ਬ੍ਰਹਮ ਤੋਂ ਵਿਛੜਦੀ ਹੈ, ਇਸ ਦੇ ਟਿਕਾਉ ਜਾਂ ਨਿਵਾਸ ਲਈ ਮਨ ਤੇ ਸਰੀਰ ਦੀ ਲੋੜ ਹੈ। ਜੇਕਰ ਪਾਣੀ ਦਾ ਗਲਾਸ, ਜਿਸ ਵਿਚ ਪਾਣੀ ਸਮੁੰਦਰ ਵਿਚੋਂ ਕਢਿਆ ਗਿਆ ਹੈ, ਟੁੱਟ ਜਾਏ ਤਾਂ ਪਾਣੀ ਜਾਂ ਤਾਂ ਸਮੁੰਦਰ ਵਿਚ ਜਾ ਮਿਲੇਗਾ ਜਾਂ ਇਸ ਨੂੰ ਰੋਕਣ ਲਈ ਹੋਰ ਗਲਾਸ ਦੀ ਲੋੜ ਪਵੇਗੀ। ਤਿਵੇਂ ਆਤਮਾ ਸਰੀਰ ਦੇ ਨਾਸ ਹੋਣ ਤੇ ਜਾਂ ਤੇ ਕਿਸੇ ਹੋਰ ਸਰੀਰ ਵਿਚ ਜਾ ਟਿਕਦੀ ਹੈ, ਨਹੀਂ ਤਾਂ ਬ੍ਰਹਮ ਵਿਚ ਜਾ ਲੀਨ ਹੁੰਦੀ ਹੈ। ਜੋ ਆਤਮਾ ਸਰੀਰ ਵਿਚ ਜਾ ਟਿਕਦੀ ਹੈ, ਉਹ ਆਵਾਗਉਣ ਦੇ ਚੱਕਰ ਵਿਚ ਹੈ, ਜੋ ਬ੍ਰਹਮ ਵਿਚ ਜਾ ਮਿਲਦੀ ਹੈ ਉਹ ਮੋਕਸ਼ ਨੂੰ ਪ੍ਰਾਪਤ ਹੁੰਦੀ ਹੈ। ਆਤਮਾ ਦੇ ਦੁਆਲੇ ਸੂਖਮ ਸਰੀਰ ਹੈ। ਇਸ ਸੂਖਮ ਸਰੀਰ ਉਤੇ ਸਰੀਰ ਦੇ ਕਮਾਏ ਕਰਮ ਲਿਖੇ ਜਾਂਦੇ ਹਨ। ਜਦ ਤਕ ਇਹਨਾਂ ਕਰਮਾਂ ਦਾ ਲੇਖਾ ਨਹੀਂ ਨਿਬੜਦਾ, ਇਹ ਸੂਖਮ ਸਰੀਰ ਨਹੀਂ ਟੁਟਦਾ। ਇਸ ਤਰ੍ਹਾਂ ਮਨ ਤੇ ਜੀਵ-ਆਤਮਾ ਹਰ ਜਾਨਦਾਰ ਸਰੀਰ ਦੇ ਜ਼ਰੂਰੀ ਅੰਗ ਹਨ। ਆਉ ਹੁਣ ਵਿਚਾਰੀਏ ਕਿ ਇਹਨਾਂ ਦਾ ਆਪਸ ਵਿਚ ਕੀ ਸੰਬੰਧ ਹੈ।

**ਸਰੀਰ, ਮਨ ਤੇ ਜੀਵ-ਆਤਮਾ ਦਾ ਸੰਬੰਧ—**

ਮਨ ਵਾਸਤਵ ਵਿਚ ਕੁਝ ਨਹੀਂ, ਇਸ ਦਾ ਇਕ ਸਿਰਾ ਜੀਵ-ਆਤਮਾ ਨਾਲ ਲਗਾ ਹੋਇਆ ਹੈ ਤੇ ਦੂਸਰਾ ਬਾਹਰ ਦੁਨੀਆ ਨਾਲ ਇੰਦਰੀਆਂ ਦੁਆਰਾ। ਮਨ ਵਿਚ ਵਿਚਾਰ ਪੈਦਾ ਹੁੰਦੇ ਹਨ। ਵਿਚਾਰਾਂ ਦੇ ਅਧੀਨ ਇਸ ਦੀ ਸੁਰਤ ਦਸਾਂ ਦਿਸ਼ਾਂ ਵਿਚ ਦੌੜਦੀ ਹੈ।

ਮਨ ਬੜਾ ਹੀ ਚੰਚਲ ਹੈ ਤੇ ਇਕ ਮਿੰਟ ਭੀ ਖ਼ਾਲੀ ਨਹੀਂ ਰਹਿੰਦਾ। ਇਸ ਲਈ ਮਨ ਵਿਚਾਰਾਂ ਦਾ ਵੇਗ ਹੈ। ਕਦੀ ਵਿਚਾਰਾਂ ਦਾ ਉਤਰਾ ਹੈ ਕਦੀ ਚੜ੍ਹਾ। ਜਦ ਇਸ ਵਿਚ ਨਿਤਾਪ੍ਰਤੀ ਨੀਚ ਖ਼ਿਆਲਾਂ, ਚੋਰੀ ਚਕਾਰੀ, ਕਾਮ, ਕ੍ਰੋਧ, ਨਿੰਦਾ, ਵੈਰ, ਵਿਰੋਧ, ਮੋਹ, ਲੋਭ, ਧਰੋਹ ਦੇ ਵਹਿਣ ਵਗਦੇ ਹਨ ਤਦ ਇਸ ਦੇ ਮਾਲਕ ਸਰੀਰ ਨੂੰ ਮੰਦ-ਕਰਮੀ ਜਾਂ ਬੁਰਾ ਆਖਦੇ ਹਨ। ਜਿਸ ਮਨ ਵਿਚ ਸ਼ੁਭ ਵਾਸ਼ਨਾਵਾਂ ਨਿਵਾਸ ਕਰਦੀਆਂ ਹਨ, ਭਾਵ ਮਨ ਆਪਣੇ ਧਰਮ ਨੂੰ ਪਹਿਚਾਣਦਾ ਹੈ ਤੇ ਸਚ ਦਾ ਜੀਵਨ ਬਤੀਤ ਕਰਦਾ ਹੈ ਅਤੇ ਜੀਵਾਂ ਤੇ ਦਇਆ ਕਰਦਾ ਹੈ, ਗਰੀਬਾਂ ਨਾਲ ਮਿਲਵਰਤਣ ਪੈਦਾ ਕਰਦਾ ਹੈ, ਵੰਡ ਕੇ ਛਕਦਾ ਹੈ. ਦੁਖੀ ਤੇ ਰੋਗੀ ਨਾਲ ਹਮਦਰਦੀ ਤੇ ਉਹਨਾਂ ਦੀ ਸੇਵਾ ਕਰਦਾ ਹੈ, ਉਹ ਮਨ ਸੰਤੋਖੀ ਹੁੰਦਾ ਹੈ, ਲਬ ਲੋਭ ਦੇ ਨੇੜੇ ਨਹੀਂ ਜਾਂਦਾ। ਐਸੇ ਪੁਰਸ਼ ਨੂੰ ਭਗਤ, ਸਿੱਧ ਤੇ ਪੀਰ ਆਖਦੇ ਹਨ। ਉਸ ਦੇ ਮਨ ਵਿਚ ਨਿਰੰਜਨ-ਵਾਹਿਗੁਰੂ ਦੀ ਜੋਤਿ ਦਾ ਪ੍ਰਕਾਸ਼ ਹੁੰਦਾ ਹੈ। ਇਸ ਦੇ ਚਾਨਣ ਨਾਲ ਸੁਰਤ, ਮੱਤ, ਮਨ ਤੇ ਬੁੱਧੀ ਉਚੇਰੀ ਹੁੰਦੀ ਹੈ। ਇਹ ਬਿਰਤੀ ਹੈ ਸੰਤ, ਮਹਾਤਮਾ ਵਾਲੀ; ਜਿਨ੍ਹਾਂ ਦਾ ਮਨ ਬ੍ਰਹਮ ਨਾਲ ਜੁੜਿਆ ਹੁੰਦਾ ਹੈ ਤੇ ਬ੍ਰਹਮ ਰੂਪ ਹੀ ਹੋ ਜਾਂਦਾ ਹੈ। ਐਸੇ ਪੁਰਸ਼ ਨੂੰ ਸਭ 'ਭਲਾ ਭਲਾ' ਹੀ ਆਖਦੇ ਹਨ, ਇਸ ਲਈ ਆਦਮੀ ਮਨ ਹੈ ਤੇ ਮਨ ਆਦਮੀ। ਜਿਸ ਆਦਮੀ ਨੇ ਮਨ ਤੇ ਇੰਦ੍ਰੀਆਂ ਨੂੰ ਕਾਬੂ ਕਰ ਲਿਆ ਹੈ ਉਹਨਾਂ ਨੇ ਜੱਗ ਜਿਤ ਲਿਆ ਹੈ, ਯਥਾ—

"ਮਨਿ ਜੀਤੈ ਜਗੁ ਜੀਤੁ।" [ਜਪੁਜੀ

ਮਨ ਤਾਂ ਤਦ ਹੀ ਜਿਤਿਆ ਜਾ ਸਕਦਾ ਹੈ ਜੇ ਮਨ ਦੀ ਸੁਰਤ ਟਿਕਾਉ ਵਿਚ ਆਵੇ, ਭਾਵ ਸੁਰਤ ਕਾਬੂ ਵਿਚ ਹੋਵੇ। ਇਹ ਤਦ ਹੀ ਕਾਬੂ ਵਿਚ ਆ ਸਕਦੀ ਹੈ ਜੇ ਬਾਣੀ ਪੜ੍ਹੇ ਤੇ ਮਨ ਵਿਚ ਗਿਆਨ ਦਾ ਚਾਨਣ ਹੋਵੇ। ਬਾਣੀ ਦਾ ਪਾਠ ਕਰਦਾ ਹੈ ਤਾਂ ਮਨ ਬਾਣੀ ਵਿਚ ਨਹੀਂ ਲਗਦਾ। ਨਾ ਹੀ ਇਸ ਮਨ ਨੂੰ ਬਾਣੀ ਦਾ ਰਸ ਆਉਂਦਾ ਹੈ। ਮਨ ਵਿਚ ਗਿਆਨ ਕਿਸ ਤਰ੍ਹਾਂ ਉਪਜੇ? ਆਓ! ਹੁਣ ਵੇਖੀਏ ਕਿ ਬਾਣੀ ਮਨ ਨੂੰ ਸੁਧਾਰਨ ਲਈ ਕੀ ਆਖਦੀ ਹੈ?

**ਬਾਣੀ ਦੁਆਰਾ ਮਨ ਨੂੰ ਉਪਦੇਸ਼—**

ਕਵਨ ਕਾਜ ਸਿਰਜੇ ਜਗ ਭੀਤਰਿ, ਜਨਮਿ ਕਵਨ ਫਲੁ ਪਾਇਆ ॥ ਭਵ ਨਿਧਿ ਤਰਨ ਤਾਰਨ ਚਿੰਤਾਮਨਿ, ਇਕ ਨਿਮਖ ਨ ਇਹੁ ਮਨੁ ਲਾਇਆ॥ ੧॥ ਗੋਬਿੰਦ ਹਮ ਐਸੇ ਅਪਰਾਧੀ ॥ ਜਿਨਿ ਪ੍ਰਭਿ


www.AKJ.Org

ਜੀਉ ਪਿੰਡੁ ਥਾ ਦੀਆ, ਤਿਸ ਕੀ ਭਾਉ ਭਗਤਿ ਨਹੀ ਸਾਧੀ ॥੧॥ਰਹਾਉ॥ ਪਰ ਧਨ, ਪਰ ਤਨ, ਪਰਤੀ ਨਿੰਦਾ, ਪਰ ਅਪਬਾਦੁ ਨ ਛੂਟੈ ॥ ਆਵਾ ਗਵਨੁ ਹੋਤੁ ਹੈ ਫੁਨਿ ਫੁਨਿ, ਇਹੁ ਪਰਸੰਗੁ ਨ ਤੂਟੈ ॥੨॥ ਜਿਹ ਘਰ ਕਥਾ ਹੋਤ ਹਰਿ ਸੰਤਨ, ਇਕ ਨਿਮਖ ਨ ਕੀਨੋ ਮੈ ਫੇਰਾ ॥ ਲੰਪਟ ਚੋਰ ਦੂਤ ਮਤਵਾਰੇ, ਤਿਨ ਸੰਗਿ ਸਦਾ ਬਸੇਰਾ ॥੩॥ ਕਾਮ ਕ੍ਰੋਧ ਮਾਇਆ ਮਦ ਮਤਸਰ, ਏ ਸੰਪੈ ਮੋ ਮਾਹੀ ॥ ਦਇਆ ਧਰਮੁ ਅਰੁ ਗੁਰ ਕੀ ਸੇਵਾ, ਏ ਸੁਪਨੰਤਰਿ ਨਾਹੀ ॥੪॥ ਦੀਨ ਦਇਆਲ ਕ੍ਰਿਪਾਲ ਦਮੋਦਰ, ਭਗਤਿ ਬਛਲ ਭੈ ਹਾਰੀ ॥ ਕਹਤ ਕਬੀਰ ਭੀਰ ਜਨ ਰਾਖਹੁ, ਹਰਿ ਸੇਵਾ ਕਰਉ ਤੁਮਾਰੀ ॥੫॥

[ਰਾਮਕਲੀ ਕਬੀਰ ਜੀਉ, ਪੰਨਾ ੬੭੦-੭੧

ਹੇ ਮਨ, ਸੋਚ, ਕਿਹੜੇ ਕੰਮਾਂ ਦੀ ਖ਼ਾਤਰ ਤੈਨੂੰ ਜਨਮ ਮਿਲਿਆ ਸੀ । ਤੂੰ ਤੇ ਗੋਬਿੰਦ ਨਾਲ ਇਕਮਿਕ ਹੋਣ ਦੀ ਖ਼ਾਤਰ ਇਸ ਦੁਨੀਆ ਵਿਚ ਆਇਆ ਸੀ ਤੇ ਆ ਕੇ ਇਕ ਸੈਕਿੰਡ ਭੀ ਰੱਬ ਨਾਲ ਮਨ ਨਹੀਂ ਜੋੜਿਆ । ਪਰਾਇ ਧਨ ਦੀ ਲਾਲਸਾ ਤੇ ਪਰਾਏ ਤਨ (ਮਰਦ ਲਈ ਇਸਤ੍ਰੀ ਤੇ ਨਾਰੀ ਲਈ ਪੁਰਸ਼) ਦੀ ਕਾਮਨਾ ਨੇ ਰਾਤ ਦਿਨ ਤੈਨੂੰ ਪਾਗਲ ਬਣਾ ਛਡਿਆ ਹੈ । ਪਰਾਈ ਚੁਗਲੀ, ਦੂਜਿਆਂ ਨਾਲ ਵਿਰੋਧ ਇਹ ਵਿਕਾਰ ਦੂਰ ਨਹੀਂ ਹੁੰਦੇ । ਇਸ ਦੇ ਭੁਗਤਾਣ ਦੇ ਕਾਰਨ ਦੁਨੀਆਂ ਵਿਚ ਜਨਮ ਮਰਨ ਦਾ ਚੱਕਰ ਚਲਦਾ ਰਹਿੰਦਾ ਹੈ । ਜੇ ਕਿਤੇ ਕਥਾ ਕੀਰਤਨ ਹੁੰਦਾ ਹੋਵੇ ਉਥੇ ਜਾਣ ਦਾ ਤੈਨੂੰ ਵਕਤ ਨਹੀਂ ਲੱਭਦਾ, ਪਰ ਜਿਥੇ ਵਿਸ਼ਈਆਂ, ਚੋਰਾਂ, ਦੁਸ਼ਟਾਂ ਤੇ ਸ਼ਰਾਬੀ-ਜਨਾਂ ਦੀ ਮਜਲਸ ਹੋਵੇ, ਉਥੇ ਤੂੰ ਨਿਤਾਪ੍ਰਤੀ ਜਾਂਦਾ ਹੈਂ । ਤੂੰ ਕਾਮ, ਕ੍ਰੋਧ, ਮਾਇਆ, ਅਹੰਕਾਰ ਤੇ ਈਰਖਾ ਦੇ ਸਿਵਾਇ ਕੁਝ ਹੋਰ ਇਕੱਠਾ ਨਹੀਂ ਕੀਤਾ । ਕਬੀਰ ਜੀ ਨਿਰੰਕਾਰ ਅਗੇ ਅਰਦਾਸ ਕਰਦੇ ਹਨ ਕਿ ਬੰਦੇ ਨੂੰ ਆਪ ਇਹਨਾਂ ਕੁਕਰਮਾਂ ਤੋਂ ਬਚਾ ਲਵੋ ਤੇ ਆਪਣੀ ਭਗਤੀ ਦਾ ਦਾਨ ਬਖ਼ਸ਼ੋ । ਇਹ ਕੁਸੰਗਤ ਤਦੇ ਛੁਟਦੀ ਹੈ ਜੇ ਵਾਹਿਗੁਰੂ ਦੀ ਅਰਾਧਨਾ ਕਰੀਏ ਤੇ ਉਸ ਤੇ ਟੇਕ ਰਖੀਏ :—

ਬੈਰ ਬਿਰੋਧ ਕਾਮ ਕ੍ਰੋਧ ਮੋਹ ॥ ਝੂਠ ਬਿਕਾਰ ਮਹਾ ਲੋਭ ਧ੍ਰੋਹ ॥ ਇਆਹੂ ਜੁਗਤਿ ਬਿਹਾਨੇ ਕਈ ਜਨਮ ॥ ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥੭॥੪॥ [ਗਉੜੀ ਸੁਖਮਨੀ ਮ: ੫

ਗੁਰੂ ਅਰਜਨ ਦੇਵ ਜੀ ਫ਼ੁਰਮਾਂਦੇ ਹਨ ਕਿ ਅਗਰ ਅਸੀਂ ਆਪਣੇ ਮਨ ਦੇ ਅੰਦਰ ਝਾਤ ਮਾਰੀਏ ਤੇ ਪੁਰਾਤਨ ਹਿਸਟਰੀ ਨੂੰ ਘੋਖੀਏ ਤਾਂ ਪਤਾ ਲਗਦਾ ਹੈ ਕਿ ਜਨਮਾਂ ਜਨਮਾਂ ਤੋਂ ਸਾਡੇ ਮਨ ਦੀ ਦਸ਼ਾ ਤਾਂ ਵੈਰ ਵਿਰੋਧ ਵਾਲੀ ਹੀ ਰਹੀ ਹੈ । ਕਾਮ ਕਰੋਧ ਤੇ ਮੋਹ ਵਿਚ ਲਿਬੜਿਆ ਮਨ ਵਿਸ਼ੇ-ਵਿਕਾਰਾਂ ਦੇ ਵਿਚ ਹੀ ਫਸਿਆ ਰਿਹਾ ਹੈ । ਲੋਭ ਵਿਚ ਆ ਕੇ ਝੂਠ ਬੋਲਦਾ ਹੈ, ਲੋਗਾਂ ਨਾਲ ਧੋਖਾ ਕਰਦਾ ਹੈ । ਸੋਚਦਾ ਹੈ ਮਨ ਸੁਖੀ ਹੋ ਜਾਏਗਾ, ਪਰ ਇਨ੍ਹਾਂ ਵਿਕਾਰਾਂ ਤੋਂ ਦੁਖ ਹੀ ਦੁਖ ਉਪਜਦਾ ਹੈ । ਦੁਖੀ ਤੇ ਪੀੜਤ ਮਨ ਨੂੰ ਮਰਨ ਦਾ ਡਰ ਹਮੇਸ਼ਾਂ ਖਾਂਦਾ ਹੈ । ਗੁਰੂ ਨਾਨਕ ਸਾਹਿਬ ਮਨ ਨੂੰ ਸੁਖੀ ਤੇ ਖ਼ੁਸ਼ ਰਖਣ ਦਾ ਤਰੀਕਾ ਦਸਦੇ ਹਨ । ਏਹ ਨੁਸਖਾ ਵਰਤਣ ਨਾਲ ਵਾਹਿਗੁਰੂ ਦੀ ਮੇਹਰ ਦੇ ਪਾਤਰ ਭੀ ਹੋ ਜਾਈਦਾ ਹੈ ।

ਇਕੁ ਪਛਾਣੂ ਜੀਅ ਕਾ ਇਕੋ ਰਖਣਹਾਰੁ ॥ ਇਕਸ ਕਾ ਮਨਿ ਆਸਰਾ ਇਕੋ ਪ੍ਰਾਣ ਅਧਾਰੁ ॥ ਤਿਸੁ ਸਰਣਾਈ ਸਦਾ ਸੁਖੁ ਪਾਰਬ੍ਰਹਮੁ ਕਰਤਾਰ ॥ ੧॥ ਮਨ ਮੇਰੇ ਸਗਲ ਉਪਾਵ ਤਿਆਗੁ ॥ ਗੁਰੁ ਪੂਰਾ ਆਰਾਧਿ ਨਿਤ ਇਕਸੁ ਕੀ ਲਿਵ ਲਾਗੁ ॥ ੧॥ਰਹਾਉ॥ ਇਕੋ ਭਾਈ ਮਿਤੁ ਇਕੁ, ਇਕੋ ਮਾਤ ਪਿਤਾ ॥ ਇਕਸ ਕੀ ਮਨਿ ਟੇਕ ਹੈ, ਜਿਨਿ ਜੀਉ ਪਿੰਡੁ ਦਿਤਾ ॥ ਸੋ ਪ੍ਰਭੁ ਮਨਹੁ ਨ ਵਿਸਰੈ, ਜਿਨਿ ਸਭੁ ਕਿਛੁ ਵਸਿ ਕੀਤਾ ॥੨॥ ਘਰਿ ਇਕੋ ਬਾਹਰਿ ਇਕੋ, ਥਾਨ ਥਨੰਤਰਿ ਆਪਿ ॥ ਜੀਅ ਜੰਤ ਸਭਿ ਜਿਨਿ ਕੀਏ, ਆਠ ਪਹਰ ਤਿਸੁ ਜਾਪਿ ॥ ਇਕਸੁ ਸੇਤੀ ਰਤਿਆ, ਨ ਹੋਵੀ ਸੋਗ ਸੰਤਾਪੁ ॥੩॥ ਪਾਰਬ੍ਰਹਮੁ ਪ੍ਰਭੁ ਏਕੁ ਹੈ, ਦੂਜਾ ਨਾਹੀ ਕੋਇ ॥ ਜੀਉ ਪਿੰਡੁ ਸਭੁ ਤਿਸ ਕਾ, ਜੋ ਤਿਸੁ ਭਾਵੈ ਸੁ ਹੋਇ ॥ ਗੁਰਿ ਪੂਰੈ ਪੂਰਾ ਭਇਆ, ਜਪਿ ਨਾਨਕ ਸਚਾ ਸੋਇ ॥੪॥੯॥ [ਸਿਰੀ ਰਾਗ ਮ: ੫, ਪੰਨਾ ੪੫

ਹੇ ਮਨ, ਜੇ ਤੂੰ ਹੋਰ ਹੀਲੇ ਵਸੀਲੇ ਤੇ ਮਾਨ ਦੀਆਂ ਚਤੁਰਾਈਆਂ ਆਪਣੇ ਸੁਆਉ (ਸੁਆਰਥ) ਦੀ ਖ਼ਾਤਰ



www.AKJ.Org

## ਗੁਰੂ ਨਾਨਕ ਦੇਵ ਜੀ ਦਾ ਪਹਿਲਾ ਸਿਖ

# ਬੇਬੇ ਨਾਨਕੀ ਜੀ

[ ਵਲੋਂ — ਸ: ਵਰਿਆਮ ਸਿੰਘ ਜੀ, ਗਾਂਧੀ ਨਗਰ, ਦਿਲੀ-੩੧ ]

ਬੇਬੇ ਨਾਨਕੀ ਜੀ ਇਕ ਅਜਿਹੀ ਮਹਾਨ ਅਤੇ ਪਵਿੱਤਰ ਆਤਮਾ ਸਨ, ਜਿਨ੍ਹਾਂ ਨੂੰ ਸਭ ਤੋਂ ਪਹਿਲਾਂ ਆਪਣੇ ਨਿਕੇ ਵੀਰ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਅਕਾਲ ਪੁਰਖ ਦੀ ਜੋਤ ਨਜ਼ਰ ਆਈ ਸੀ ਅਤੇ ਫਿਰ ਉਸ ਜੋਤ ਨੂੰ ਸਾਰੀ ਉਮਰ ਸਤਿਕਾਰਦੇ ਤੇ ਪੂਜਦੇ ਰਹੇ ਸਨ।

'ਬੇਬੇ' ਇਹ ਪਿਆਰ ਦੇ ਦੋ ਅੱਖਰ ਅਜਿਹੇ ਸਨ, ਜਿਹੜੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਵੱਡੀ ਭੈਣ, ਬੇਬੇ ਨਾਨਕੀ ਜੀ ਲਈ ਵਰਤੇ ਸਨ, ਜਿਸ ਵਰਗਾ ਸੁਭਾਗਾ ਕੋਈ ਵਿਰਲਾ ਹੀ ਸੀ।

ਬੇਬੇ ਨਾਨਕੀ ਜੀ ਦਾ ਜਨਮ ਸੰਨ ੧੪੬੪ ਈਸਵੀ ਨੂੰ ਆਪਣੇ ਨਾਨਕਿਆਂ ਦੇ ਘਰ, ਪਿੰਡ ਚਾਹਲ ਜ਼ਿਲਾ ਲਾਹੌਰ ਵਿਖੇ ਹੋਇਆ ਸੀ। ਮਾਤਾ ਦਾ ਨਾਂ, ਤ੍ਰਿਪਤਾ ਅਤੇ ਪਿਤਾ ਦਾ ਨਾਂ, ਕਾਲੂ ਚੰਦ ਸੀ। ਬਾਬਾ ਕਾਲੂ ਚੰਦ ਜੀ ਦਾ ਪਿੰਡ 'ਰਾਇ ਭੋਇ ਦੀ ਤਲਵੰਡੀ' ਸੀ, ਜਿਸ ਦਾ ਨਾਂ ਬਾਅਦ ਵਿਚ ਨਨਕਾਣਾ ਸਾਹਿਬ ਪੈ ਗਿਆ। ਬੇਬੇ ਨਾਨਕੀ ਜੀ, ਗੁਰੂ ਨਾਨਕ ਦੇਵ ਜੀ ਨਾਲੋਂ ਪੰਜ ਸਾਲ ਵੱਡੇ ਸਨ।

ਬੇਬੇ ਨਾਨਕੀ ਜੀ, ਨਿਰੇ ਗੁਣ ਹੀ ਗੁਣ ਲੈ ਕੇ ਸੰਸਾਰ ਤੇ ਪ੍ਰਗਟ ਹੋਏ ਸਨ। ਭਗਤੀ-ਰਸ ਵਿਚ ਰਚੀ ਹੋਈ ਇਕ ਅਜਿਹੀ ਆਤਮਾ ਸੰਸਾਰ ਤੇ ਉਤਪੰਨ ਹੋਈ ਸੀ, ਜਿਸ ਨੇ ਗੁਰੂ ਨਾਨਕ ਦੇਵ ਜੀ ਦਾ 'ਪਹਿਲਾ ਸਿੱਖ' ਹੋਣ ਦਾ ਮਾਣ ਪ੍ਰਾਪਤ ਕੀਤਾ। ਭਾਈ ਸੰਤੋਖ ਸਿੰਘ ਜੀ ਬੇਬੇ ਜੀ ਬਾਰੇ ਲਿਖਦੇ ਹਨ :—

ਹਿਮ ਗਿਰ ਮੈਨਾ ਕੇ ਘਰ ਮਾਹੀਂ।
ਪਾਰਬਤੀ ਜਨਮੀ ਜਿਵ ਆਹੀ।
ਭਈ ਸੁਸ਼ੀਲਾ ਸਭਿ ਗੁਣ ਖਾਨੀ।
ਮਨਹੁੰ ਭਗਤਿ ਧਰਿ ਦੇਹਿ ਸੁਹਾਨੀ ॥੬੦॥

(ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ ਅਧਯਾਯ ੩)

ਸੁਸ਼ੀਲਾ ਤੋਂ ਮੁਰਾਦ ਨਾਨਕੀ ਹੈ।

ਗੁਰੂ ਨਾਨਕ ਦੇਵ ਜੀ ਨੇ ਬਚਪਨ ਵਿਚ ਕੁਝ ਅਜਿਹੇ ਚੋਜ ਕੀਤੇ, ਜਿਨ੍ਹਾਂ ਤੋਂ ਆਪ ਦੇ ਇਲਾਹੀ ਹੋਣ

---

[ਸਫ਼ਾ ੨੪ ਦੀ ਬਾਕੀ]

ਕਰਦਾ ਹੈਂ, ਇਹ ਸਭ ਛਡ ਦੇ ਅਤੇ ਆਪਣੇ ਆਪ ਨੂੰ ਨਿਰੰਜਨ ਤੇ ਨਿਰੰਜਨ ਵਾਹਿਗੁਰੂ ਦੇ ਸਿਮਰਨ ਵਿਚ ਜੋੜ। ਜਦ ਉਹ ਵਾਹਿਗੁਰੂ ਸਦਾ ਚੇਤੇ ਰਹੇਗਾ, ਤਾਂ ਤੈਨੂੰ ਗੁਰਬਾਣੀ ਉਪਰ ਵਿਚਾਰ ਕਰਨ ਦਾ ਸ਼ੌਕ ਉਪਜੇਗਾ ਤੇ ਤੇਰੀ ਉਸ ਨਾਲ ਲਗਨ ਲੱਗ ਜਾਏਗੀ। ਵਾਹਿਗੁਰੂ ਸਭ ਦੇ ਮਨ ਦੀ ਸਾਰ ਜਾਣਦਾ ਹੈ ਤੇ ਆਪਣੇ ਸੇਵਕਾਂ ਨੂੰ ਬੁਰੇ ਕੰਮਾਂ ਤੋਂ ਬਚਾਉਣ ਵਿਚ ਮਦਦ ਕਰਦਾ ਹੈ। ਇਸ ਤਰ੍ਹਾਂ ਹੇ ਮਨ, ਤੇਰੀ ਵਾਹਿਗੁਰੂ ਨਾਲ ਜਾਣ-ਪਛਾਣ ਹੋ ਜਾਵੇਗੀ ਤੇ ਤੇਰੀ ਟੇਕ ਕੇਵਲ ਇਕ ਨਿਰੰਕਾਰ ਉਪਰ ਹੀ ਰਹੇਗੀ ਤੇ ਉਹ ਤੇਰੇ ਪ੍ਰਾਣਾਂ ਦਾ ਆਧਾਰ ਬਣ ਜਾਵੇਗਾ। ਜਿਸ ਵਾਹਿਗੁਰੂ ਨੇ ਜਗ-ਰਚਨਾ ਕੀਤੀ ਹੈ ਅਤੇ ਹਰ ਜੀਵ ਨੂੰ ਜਿੰਦ ਤੇ ਸਰੀਰ ਦਿਤਾ ਹੈ, ਉਸਦੀ ਸ਼ਰਨ ਪਿਆਂ ਸਦੀਵੀ ਸੁਖ ਪ੍ਰਾਪਤ ਹੁੰਦਾ ਹੈ। ਉਸਦਾ ਰਿਸ਼ਤਾ ਸਾਰੇ ਸਾਕਾਂ ਨਾਲੋਂ ਵਧੀਕ ਹੈ, ਕਿਉਂਕਿ ਉਸਦਾ ਸੰਬੰਧ ਹਮੇਸ਼ਾ ਕਾਇਮ ਰਹਿਣਾ ਹੈ, ਤੇ ਬਾਕੀ ਸਾਕ ਸੰਬੰਧੀਆਂ ਦਾ ਨਾਤਾ ਜਦ ਤਕ ਜਿੰਦ ਹੈ, ਤਦ ਤਕ ਹੀ ਹੈ। ਮਰਨ ਪਿਛੋਂ ਸਾਰੇ ਸੰਸਾਰਕ ਸਾਕ ਟੁਟ ਜਾਂਦੇ ਹਨ।

ਮਾਤ ਪਿਤਾ ਬਨਿਤਾ ਸੁਤ ਬੰਧਪ, ਇਸਟ ਮੀਤ ਅਰੁ ਭਾਈ ॥ ਪੂਰਬ ਜਨਮ ਕੇ ਮਿਲੇ ਸੰਜੋਗੀ, ਅੰਤਹਿ ਕੋ ਨ ਸਹਾਈ ॥

[ਜੈਤਸਰੀ ਮ: ੫, ਪੰਨਾ ੭੦੦

["ਨਿਰਗੁਣੀਆਰਾ" ਅੰਕ ਵਿਚੋਂ ਕੁਝ ਹਿੱਸਾ]



www.AKJ.Org

ਦਾ ਪਤਾ ਲਗਦਾ ਸੀ । ਮਾਤਾ ਪਿਤਾ ਇਸ ਗੱਲ ਨੂੰ ਸਮਝ ਨ ਸਕੇ, ਕਿਉਂਕਿ ਉਨ੍ਹਾਂ ਉਤੇ ਮਾਇਆ ਦਾ ਪ੍ਰਭਾਵ ਬਹੁਤ ਜ਼ਿਆਦਾ ਸੀ। ਉਹ ਗੁਰੂ ਨਾਨਕ ਦੇਵ ਜੀ ਨੂੰ ਸਿਰਫ ਆਪਣਾ ਪੁੱਤਰ ਹੀ ਸਮਝਦੇ ਸਨ ਅਤੇ ਕਈਆਂ ਗੱਲਾਂ ਤੋਂ ਝਿੜਕਦੇ ਵੀ ਰਹਿੰਦੇ ਸਨ । ਉਹ ਚਾਹੁੰਦੇ ਸਨ ਕਿ ਸਾਡਾ ਪੁੱਤਰ ਹਸੇ, ਖੇਡੇ, ਕਮਾਵੇ, ਹੰਢਾਵੇ, ਮਤਲਬ ਕਿ ਦੁਨੀਆਦਾਰੀ ਦੇ ਫ਼ਰਜ਼ਾਂ ਨੂੰ ਨਿਭਾਵੇ। ਸਿਰਫ ਉਸ ਸਮੇਂ ਬੇਬੇ ਨਾਨਕੀ ਜੀ ਹੀ ਇਕ ਅਜਿਹੀ ਹਸਤੀ ਸਨ, ਜਿਨ੍ਹਾਂ ਬਾਰੇ ਭਾਈ ਵੀਰ ਸਿੰਘ ਜੀ ਲਿਖਦੇ ਹਨ, "ਇਕ ਨਾਨਕੀ ਹੈ ਜੋ ਪਛਾਣਦੀ ਹੈ ਕਿ ਵੀਰ ਉੱਚਾ ਹੈ ਤੇ ਧੁਰੋਂ ਆਇਆ ਹੈ। ਹਾਂ ਉਹ ਸਮਝਦੀ ਹੈ ਕਿ ਵੀਰ ਜਗਤ ਦਾ ਨਹੀਂ, ਪਰ ਜਗਤੋਂ ਪਾਰ ਦਾ ਹੈ । ਰੱਬ ਦਾ ਪਿਆਰਾ ਰੱਬੀ ਜੋਤਿ ਨਾਲ ਭਰਪੂਰ ਰੱਬੀ ਰੂਪ ਹੈ ।"

(ਸ੍ਰੀ ਗੁਰੂ ਨਾਨਕ ਚਮਤਕਾਰ, ਪਹਿਲਾ ਅੱਧ, ਪੰਨਾ ੬੩)

ਬੇਬੇ ਨਾਨਕੀ ਜੀ ਕਈ ਵਾਰੀ ਮਾਤਾ ਪਿਤਾ ਨੂੰ ਕਹਿ ਦਿੰਦੇ ਸਨ ਕਿ ਤੁਸੀਂ ਵੀਰ ਨੂੰ ਕੁਝ ਨ ਕਿਹਾ ਕਰੋ। ਉਹ ਜੋ ਕਰਦਾ ਹੈ ਕਰਨ ਦਿਆ ਕਰੋ । ਸਭ ਉਸ ਦੇ ਆਪਣੇ ਚੋਜ ਹਨ। ਉਹ ਲੋਕਾਂ ਦੇ ਭਲੇ ਲਈ ਇਸ ਸੰਸਾਰ ਵਿਚ ਆਇਆ ਹੈ । ਦੇਖਣਾ ਇਕ ਦਿਨ ਸਾਰੀ ਲੁਕਾਈ ਮੇਰੇ ਵੀਰ ਅਗੇ ਸਿਰ ਝੁਕਾਏਗੀ ।

ਮਾਤਾ ਪਿਤਾ, ਪੁਤਰੀ ਦੀ ਗੱਲ ਸੁਣ ਕੇ ਚੁਪ ਹੋ ਜਾਂਦੇ ਸਨ। ਉਹ ਖ਼ਿਆਲ ਕਰਦੇ ਸਨ ਕਿ ਜਗ ਅੰਦਰ ਭੈਣਾਂ ਭਰਾਵਾਂ ਦਾ ਜੋ ਸੱਚਾ ਸੁੱਚਾ ਪਿਆਰ ਗਿਣਿਆ ਗਿਆ ਹੈ, ਉਸ ਦੇ ਨਾਤੇ ਨਾਨਕੀ ਆਪਣੇ ਵੀਰ ਦਾ ਹਰ ਸਮੇਂ ਪਖ ਪੂਰਦੀ ਰਹਿੰਦੀ ਹੈ । ਇਸ ਲਈ ਉਸ ਦੀ ਗੱਲ ਨੂੰ ਨਹੀਂ ਸਨ ਗੌਲਦੇ।

'ਰਾਇ ਭੋਇ ਦੀ ਤਲਵੰਡੀ' ਦਾ ਮਾਲਕ ਰਾਏ ਬੁਲਾਰ ਸੀ। ਬਾਬਾ ਕਾਲੂ ਚੰਦ ਜੀ ਇਨ੍ਹਾਂ ਪਾਸ ਹੀ ਪਟਵਾਰੀ ਦਾ ਕੰਮ ਕਰਦੇ ਸਨ । ਇਨ੍ਹਾਂ ਨੇ ਬਾਬਾ ਕਾਲੂ ਚੰਦ ਜੀ ਨੂੰ ਪ੍ਰੇਰਨਾ ਕਰ ਕੇ ਬੇਬੇ ਨਾਨਕੀ ਜੀ ਦਾ ਵਿਆਹ ਸੁਲਤਾਨ ਪੁਰ ਨਗਰ (ਰਿਆਸਤ ਕਪੂਰਥਲਾ) ਦੇ ਰਹਿਣ ਵਾਲੇ ਭਾਈ ਜੈ ਰਾਮ ਜੀ ਨਾਲ ਕਰਾ ਦਿੱਤਾ, ਜੋ ਉਥੋਂ ਦੇ ਨਵਾਬ, ਦੌਲਤ ਖ਼ਾਂ ਪਾਸ ਨੌਕਰੀ ਕੀਤਾ ਕਰਦੇ ਸਨ ।

ਗੁਰੂ ਨਾਨਕ ਦੇਵ ਜੀ ਨੂੰ ਵੀ ਮਾਤਾ ਪਿਤਾ ਨੇ ਬੇਬੇ ਨਾਨਕੀ ਜੀ ਪਾਸ ਸੁਲਤਾਨਪੁਰ ਭੇਜ ਦਿੱਤਾ ਕਿ ਇਥੇ ਕੋਈ ਕੰਮ ਤਾਂ ਕਰਦਾ ਨਹੀਂ, ਆਪੇ ਉਥੇ ਕਿਸੇ ਆਹਰੇ ਲਗੇਗਾ। ਭਾਈ ਜੈ ਰਾਮ ਜੀ ਨੇ ਨਵਾਬ ਦੌਲਤ ਖ਼ਾਂ ਦੇ ਮੋਦੀਖ਼ਾਨੇ ਦਾ ਚਾਰਜ ਗੁਰੂ ਨਾਨਕ ਦੇਵ ਜੀ ਨੂੰ ਲੈ ਦਿੱਤਾ, ਜਿਥੇ ਆਪ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਬੇਬੇ ਨਾਨਕੀ ਜੀ ਦੀ ਸੁਰਤੀ ਇਤਨੀ ਉੱਚੀ ਹੋ ਗਈ ਸੀ ਜਿਸ ਦੀ ਕੋਈ ਥਾਹ ਨਹੀਂ ਸੀ ਪਾਈ ਜਾ ਸਕਦੀ। ਜਾਂ ਇਉਂ ਸਮਝੋ ਕਿ ਆਪ ਨੂੰ ਵਾਹਿਗੁਰੂ ਦੀ ਨੇੜਤਾ ਪ੍ਰਾਪਤ ਹੋ ਗਈ। ਆਪ ਦੀਆਂ ਨਜ਼ਰਾਂ ਵਿਚ ਵੀਰ (ਗੁਰੂ ਨਾਨਕ) ਇਕ ਅਜਿਹੀ ਹਸਤੀ ਸਨ, ਜਿਸ ਨੂੰ ਦੇਖ ਦੇਖ ਆਪ ਰਜਦੇ ਨਹੀਂ ਸਨ। ਗੁਰੂ ਨਾਨਕ ਦੇਵ ਜੀ ਦੀ ਰਜ਼ਾ ਆਪ ਨੂੰ ਸਦਾ ਮਿੱਠੀ ਲਗਦੀ ਸੀ।

ਭਾਈ ਜੈ ਰਾਮ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਕੁੜਮਾਈ ਗੁਰਦਾਸਪੁਰ ਜ਼ਿਲੇ ਵਿਚ ਪਿੰਡ 'ਪਖੋ ਕੇ ਰੰਧਾਵਿਆਂ' ਦੇ ਪਟਵਾਰੀ ਬਾਬਾ ਮੂਲ ਚੰਦ ਦੀ ਸਪੁੱਤਰੀ (ਮਾਤਾ) ਸੁਲਖਣੀ ਜੀ ਨਾਲ ਕਰ ਦਿੱਤੀ ਅਤੇ ਫਿਰ ਵਿਆਹ ਦਾ ਦਿਨ ਵੀ ਮੁਕੱਰਰ ਹੋ ਗਿਆ। ਬਰਾਤ ਬਟਾਲੇ ਜਾਣੀ ਸੀ, ਕਿਉਂਕਿ ਬਾਬਾ ਮੂਲ ਚੰਦ ਜੀ ਬਟਾਲੇ ਦੇ ਰਹਿਣ ਵਾਲੇ ਸਨ ।

ਅੰਮ੍ਰਿਤਸਰ ਦੇ ਜ਼ਿਲੇ ਵਿਚ ਪੱਠੇ ਵਿੰਡ ਨਾਂ ਦਾ ਇਕ ਪਿੰਡ ਸੀ। ਬਾਬਾ ਕਾਲੂ ਚੰਦ ਜੀ ਦੇ ਬਹੁਤ ਸਾਰੇ ਰਿਸ਼ਤੇਦਾਰ ਉਥੇ ਰਹਿੰਦੇ ਸਨ। ਆਪ ਵੀ ਪਹਿਲੋਂ ਉਸ ਪਿੰਡ ਵਿਚ ਰਿਹਾਇਸ਼ ਰਖਿਆ ਕਰਦੇ ਸਨ । ਆਪ ਦੇ ਉਥੇ ਮਕਾਨ ਵੀ ਸਨ, ਪਰ ਆਪ ਸਭ ਕੁਝ ਛਡ-ਛਡਾ ਕੇ 'ਰਾਇ ਭੋਇ ਦੀ ਤਲਵੰਡੀ' ਵਿਚ ਆਬਾਦ ਹੋ ਗਏ ਸਨ । ਪਿਛੋਂ ਮਕਾਨ ਆਪ ਦੇ ਰਿਸ਼ਤੇਦਾਰਾਂ ਨੇ ਸਾਂਭ ਲਏ ਸਨ। ਹੁਣ ਬਾਬਾ ਕਾਲੂ ਚੰਦ ਜੀ ਦਾ ਖ਼ਿਆਲ ਸੀ ਕਿ ਪੁੱਤਰ ਦਾ ਵਿਆਹ ਉਨ੍ਹਾਂ ਰਿਸ਼ਤੇਦਾਰਾਂ ਵਿਚ ਚਲ ਕੇ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਕੁਝ ਦਿਨ ਭਾਈਚਾਰੇ ਵਿਚ ਬੈਠਣ ਦਾ ਮੌਕਾ ਤਾਂ ਬਣੇਗਾ। ਪਰ ਅਫ਼ਸੋਸ ! ਜਦੋਂ ਬਾਬਾ ਕਾਲੂ ਚੰਦ ਜੀ ਪਰਵਾਰ ਸਣੇ ਮੇਲ ਬਣ ਕੇ ਉਸ ਪਿੰਡ ਵਿਚ ਪਹੁੰਚੇ ਤਾਂ ਕਿਸੇ ਨੇ ਆਪ


www.AKJ.Org

ਦਾ ਸਵਾਗਤ ਨ ਕੀਤਾ। ਸਭ ਨੇ ਅੱਖਾਂ ਫੇਰ ਲਈਆਂ। ਸਗੋਂ ਆਪ ਨੂੰ ਵਾਪਸ ਚਲੇ ਜਾਣ ਲਈ ਕਿਹਾ। ਇਹ ਦੇਖ ਕੇ ਬਾਬਾ ਕਾਲੂ ਚੰਦ ਜੀ ਬਹੁਤ ਉਦਾਸ ਹੋ ਗਏ। ਹੁਣ ਕੀ ਕੀਤਾ ਜਾਏ ? ਉਤੋਂ ਬਰਸਾਤਾਂ ਦੇ ਦਿਨ ਸਨ। ਵਾਪਸ ਜਾਣਾ ਵੀ ਕਠਿਨ ਸੀ, ਕਿਉਂਕਿ ਵਿਆਹ ਦੇ ਦਿਨ ਬਹੁਤ ਥੋੜੇ ਰਹਿ ਗਏ ਸਨ। ਬੇਬੇ ਨਾਨਕੀ ਜੀ ਨੇ ਪਿਤਾ ਨੂੰ ਦਿਲਾਸਾ ਦਿੰਦੇ ਹੋਏ ਕਿਹਾ ਕਿ ਤੁਸੀਂ ਕੋਈ ਫ਼ਿਕਰ ਨ ਕਰੋ। ਸੁਲਤਾਨਪੁਰ ਇਥੋਂ ਨੇੜੇ ਹੈ। ਅਸੀਂ ਉਥੇ ਚਲਦੇ ਹਾਂ। ਉਥੋਂ ਹੀ ਬਰਾਤ ਦੀ ਰਵਾਨਗੀ ਕੀਤੀ ਜਾਏਗੀ। ਬਾਬਾ ਕਾਲੂ ਚੰਦ ਜੀ ਨੇ ਪੁੱਤਰੀ ਦਾ ਆਖਾ ਮੰਨ ਲਿਆ ਅਤੇ ਸਾਰਿਆਂ ਨੂੰ ਨਾਲ ਲੈ ਕੇ ਸੁਲਤਾਨਪੁਰ ਚਲੇ ਗਏ। ਉਥੋਂ ਤੁਰਨ ਲਗਿਆਂ ਬੇਬੇ ਨਾਨਕੀ ਜੀ ਦੇ ਮੂੰਹੋਂ ਸਹਿਜ ਸੁਭਾਏ ਬਚਨ ਨਿਕਲੇ ਕਿ ਧਕੇ ਦੇਣ ਵਾਲੇ ਆਪ ਹੀ ਧਕੇ ਜਾਣਗੇ। ਪਵਿਤਰ ਹਿਰਦੇ ਵਿਚੋਂ ਜੋ ਅਵਾਜ਼ ਨਿਕਲੀ ਸੀ, ਉਹ ਕਿਵੇਂ ਖ਼ਾਲੀ ਜਾ ਸਕਦੀ ਸੀ ? ਫਿਰ ਬੇਬੇ ਨਾਨਕੀ ਜੀ ਤਾਂ ਭਗਤੀ-ਰੰਗ ਦੀ ਜੀਊਂਦੀ ਜਾਗਦੀ ਮੂਰਤ ਸਨ। ਆਪ ਦੇ ਇਹ ਲਫ਼ਜ਼ ਉਦੋਂ ਸੱਤ ਹੋਏ ਸਨ ਜਦੋਂ ਬਾਬਰ ਨੇ ਹਿੰਦੁਸਤਾਨ ਤੇ ਹਮਲਾ ਕੀਤਾ ਸੀ ਅਤੇ ਮੁਗ਼ਲਾਂ ਨੇ ਇਸ ਪਿੰਡ ਨੂੰ ਬਰਬਾਦ ਕਰ ਦਿੱਤਾ ਸੀ। ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਇਸ ਪਿੰਡ ਨੂੰ ਦੋਬਾਰਾ ਅਬਾਦ ਕੀਤਾ ਸੀ ਅਤੇ ਗੁਰੂ ਨਾਨਕ ਦੇਵ ਜੀ ਦੇ ਇਥੇ ਆਉਣ ਦੀ ਯਾਦ ਵਿਚ ਗੁਰਦਵਾਰਾ ਉਸਾਰਿਆ ਸੀ ਅਤੇ ਇਸ ਪਿੰਡ ਦਾ ਨਾਂ ਵੀ ਬਦਲ ਕੇ ਡੇਹਰਾ ਸਾਹਿਬ ਰਖ ਦਿੱਤਾ।

ਸੁਲਤਾਨ ਪੁਰ ਪੁਜ ਕੇ ਬਾਬਾ ਕਾਲੂ ਚੰਦ ਜੀ ਬਰਾਤ ਨੂੰ ਲੈ ਕੇ ਬਟਾਲੇ ਰਵਾਨਾ ਹੋ ਗਏ ਅਤੇ ਜਾ ਢੁਕੇ ਬਾਬਾ ਮੂਲ ਚੰਦ ਜੀ ਦੇ ਘਰ; ਜਿਥੇ ਗੁਰੂ ਨਾਨਕ ਦੇਵ ਜੀ ਦਾ ਵਿਆਹ (ਮਾਤਾ) ਸੁਲਖਣੀ ਜੀ ਨਾਲ ਬੜੀ ਧੂਮਧਾਮ ਨਾਲ ਸੰਨ ੧੪੮੭ ਵਿਚ ਹੋਇਆ।

ਬੇਬੇ ਨਾਨਕੀ ਜੀ ਦਾ ਨਿਸ਼ਚਾ ਆਪਣੇ ਵੀਰ ਉਤੇ ਪਹਾੜ ਵਾਂਗ ਅਟੱਲ ਸੀ। ਦੁਨੀਆ ਚਾਹੇ ਜੋ ਕੁਝ ਵੀ ਕਹੇ ਪਰ ਆਪ ਦੇ ਨਿਸ਼ਚੇ ਵਿਚ ਕਦੀ ਫ਼ਰਕ ਨਹੀਂ ਸੀ ਆਉਂਦਾ। ਜਦ ਸੁਲਤਾਨ ਪੁਰ ਦੇ ਆਮ ਲੋਕਾਂ ਦਾ ਖ਼ਿਆਲ ਸੀ ਕਿ ਗੁਰੂ ਜੀ ਵੇਈਂ ਨਦੀ ਵਿਚ ਰੁੜ੍ਹ ਗਏ ਹਨ, ਉਦੋਂ ਵੀ ਬੇਬੇ ਨਾਨਕੀ ਦਾ ਹਿਰਦਾ ਰਤੀ ਭਰ ਨਹੀਂ ਸੀ ਡੋਲਿਆ। ਉਹ ਜਾਣਦੀ ਸੀ ਕਿ ਗੁਰੂ ਨਾਨਕ ਦੈਵੀ ਸ਼ਕਤੀ ਦਾ ਮਾਲਕ ਹੈ। ਉਹ ਕਹਿੰਦੀ ਸੀ, 'ਮੇਰਾ ਵੀਰ ਡੁਬਣ ਵਾਲਾ ਨਹੀਂ, ਉਹ ਤਾਂ ਡੁਬਦਿਆਂ ਨੂੰ ਤਾਰਨ ਵਾਲਾ ਹੈ। ਦਰਿਆ ਉਸ ਨੂੰ ਡੋਬ ਨਹੀਂ ਸਕਦੇ।'

ਪ੍ਰੋਫੈਸਰ ਸਾਹਿਬ ਸਿੰਘ ਲਿਖਦੇ ਹਨ ਕਿ ਵਈਂ ਨਦੀ ਤੋਂ ਵਾਪਸ ਆ ਕੇ ਗੁਰੂ ਸਾਹਿਬ ਨੇ ਉਨ੍ਹਾਂ ਲੋਕਾਂ ਨਾਲ ਪਹਿਲੀ ਗੱਲ ਹੀ ਇਹ ਕੀਤੀ ਕਿ 'ਨਾ ਕੋਈ ਹਿੰਦੂ ਨਾ ਮਸਲਮਾਨ।' ਸਮਝਾਇਆ ਇਹ ਕਿ ਹਿੰਦੂ ਮੁਸਲਮਾਨ ਵਾਲੇ ਵਿਤਕਰੇ ਛੱਡੋ, ਖ਼ਾਲਿਕ ਨੂੰ ਸਾਰੀ ਖ਼ਲਕਤ ਵਿਚ ਵੇਖੋ।

ਸੁਲਤਾਨ ਪੁਰ ਦੇ ਲੋਕੀਂ ਜਿਥੇ ਗੁਰੂ ਸਾਹਿਬ ਦਾ ਜਸ ਗਾ ਰਹੇ ਸਨ, ਉਥੇ ਬੇਬੇ ਨਾਨਕੀ ਜੀ ਨੂੰ ਵੀ ਸ਼ਾਬਾਸ ਕਹਿ ਰਹੇ ਸਨ। ਗੁਰੂ ਸਾਹਿਬ ਦੀ ਇਹ ਭੈਣ ਧੰਨ ਹੈ ਜਿਸ ਨੇ ਆਪਣੇ ਵੀਰ ਨੂੰ ਪਛਾਤਾ ਸੀ।

ਬੇਬੇ ਨਾਨਕੀ ਜੀ ਜਿਥੇ ਆਪਣੇ ਵੀਰ ਲਈ ਅਥਾਹ ਪਿਆਰ ਤੇ ਸ਼ਰਧਾ ਮਨ ਵਿਚ ਰਖਦੇ ਸਨ, ਉਥੇ ਆਪਣੇ ਪਤੀ ਭਾਈ ਜੈਰਾਮ ਜੀ ਦਾ ਅਸਥਾਨ ਭੀ ਉਨ੍ਹਾਂ ਦੇ ਹਿਰਦੇ ਵਿਚ ਬਹੁਤ ਉਚਾ ਤੇ ਸੁਚਾ ਸੀ। ਸ: ਕੇਸਰ ਸਿੰਘ ਮੁਲਤਾਨੀ ਲਿਖਦੇ ਹਨ ਕਿ ਬੀਬੀ ਨਾਨਕੀ ਜੀ ਆਪਣੇ ਪਤੀ ਨੂੰ ਹੀ ਪਰਮੇਸ਼ਰ ਦਾ ਰੂਪ ਕਰਕੇ ਜਾਣਦੀ ਸੀ, ਉਸ ਦਾ ਓਹੋ ਇਸ਼ਟ ਅਤੇ ਦੇਵਤਾ ਸੀ, ਹੋਰ ਕਿਸੇ ਨੂੰ ਭੀ ਉਹ ਪਤੀ ਨਾਲੋਂ ਵੱਡਾ ਨਹੀਂ ਸਮਝਦੀ ਸੀ। ਉਸ ਦਾ ਆਪਣਾ ਪਤੀ ਹੀ ਗੁਰੂ ਸੀ ਅਤੇ ਉਸਦੀ ਆਗਿਆ ਵਿਚ ਹੋ ਕੇ ਉਹ ਰਹਿੰਦੀ ਸੀ। ਉਹ ਪਤੀ ਦੀ ਮਰਜ਼ੀ ਦੇ ਵਿਰੁੱਧ ਕੋਈ ਕੰਮ ਕਰਨ ਨੂੰ ਬਹੁਤ ਬੁਰਾ ਸਮਝਦੀ ਸੀ, ਹਰੇਕ ਕੰਮ ਵਿੱਚ ਉਹ ਆਪਣੇ ਪਤੀ ਦੀ ਸਲਾਹ ਲੈ ਲੈਂਦੀ ਸੀ ਅਤੇ ਪਤੀ ਤੋਂ ਚੋਰੀ ਕੋਈ ਭੀ ਕੰਮ ਕਰਨਾ ਉਹ ਬਹੁਤ ਭੈੜਾ ਜਾਣਦੀ ਸੀ। ਉਸ ਦੇ ਲੇਖੇ ਪਤੀ ਹੀ ਸੱਚਾ ਤੀਰਥ ਅਤੇ ਵਰਤ ਨੇਮ ਸੀ।

ਬੇਬੇ ਨਾਨਕੀ ਜੀ ਦਵਾ ਦਾਰੂ ਕਰਨਾ ਵੀ ਜਾਣਦੇ ਸਨ। ਛੋਟੇ ਛੋਟੇ ਬਾਲਾਂ ਦੀ ਸੇਵਾ ਕਿਤਨੇ ਸ਼ੌਕ ਨਾਲ


www.AKJ.Org

ਕਰਦੇ ਸਨ ? ਸਰਦਾਰ ਕੇਸਰ ਸਿੰਘ ਮੁਲਤਾਨੀ ਦੀ ਕਲਮ ਤੋਂ ਦੇਖੋ।

ਆਪ ਲਿਖਦੇ ਹਨ ਕਿ ਬੀਬੀ ਨਾਨਕੀ ਜੀ ਵਿੱਚ ਹੋਰਨਾਂ ਗੁਣਾਂ ਦੇ ਸਿਵਾ ਇਕ ਇਹ ਗੁਣ ਵੀ ਸੀ ਕਿ ਉਹ ਬਾਲਕਾਂ ਦਾ ਦਵਾ-ਦਾਰੂ ਭੀ ਕਰਨਾ ਜਾਣਦੀ ਸੀ, ਇਸ ਲਈ ਜਦੋਂ ਕਿਸੇ ਬਾਲ ਨੂੰ ਕੋਈ ਦੁਖ ਹੁੰਦਾ ਸੀ, ਤਾਂ ਝਟ ਉਸ ਬਾਲ ਦੀ ਸਨੇਹਕ ਉਸ ਨੂੰ ਬੀਬੀ ਨਾਨਕੀ ਜੀ ਪਾਸ ਲੈ ਆਉਂਦੀ ਸੀ, ਅਤੇ ਬੀਬੀ ਨਾਨਕੀ ਜੀ ਸੌ ਕੰਮ ਛੱਡ ਕੇ ਪਹਿਲੇ ਉਸ ਨੂੰ ਦਵਾਈ ਦਿੰਦੀ ਅਤੇ ਉਸ ਦਾ ਰੋਗ ਦੂਰ ਕਰਦੀ ਸੀ, ਉਸ ਦੇ ਬਦਲੇ ਉਹ ਕਿਸੇ ਤਰ੍ਹਾਂ ਦੀ ਲੋਕਾਂ ਪਾਸੋਂ ਕੁਛ ਲੈਣ ਦੀ ਇੱਛਾ ਨਹੀਂ ਰੱਖਦੀ ਸੀ।

(ਜੀਵਨ ਚਰਿਤ੍ਰ ਬੀਬੀ ਨਾਨਕੀ ਜੀ, ਪੰਨਾ ੧੦੮, ੧੦੯)

ਗੁਰੂ ਨਾਨਕ ਦੇਵ ਜੀ ਦੇ ਘਰ ਮਾਤਾ ਸੁਲੱਖਣੀ ਜੀ ਦੀ ਪਵਿੱਤਰ ਕੁੱਖੋਂ ਦੋ ਸਾਹਿਬਜ਼ਾਦੇ ਹੋਏ—ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ । ਬੇਬੇ ਨਾਨਕੀ ਜੀ ਇਨ੍ਹਾਂ ਸਾਹਿਬਜ਼ਾਦਿਆਂ ਨੂੰ ਬਹੁਤ ਪਿਆਰ ਕਰਦੇ ਸਨ ਅਤੇ ਲਾਡ ਲਡਾਉਂਦੇ ਸਨ । ਇਨ੍ਹਾਂ ਦੇ ਹੁੰਦਿਆਂ ਆਪ ਨੇ ਕਦੀ ਵੀ ਇਹ ਘਾਟ ਮਹਿਸੂਸ ਨਹੀਂ ਸੀ ਕੀਤੀ ਕਿ ਉਨ੍ਹਾਂ ਦੇ ਆਪਣੇ ਘਰ ਕੋਈ ਬਾਲ ਨਹੀਂ ਹੈ।

੩੦ ਅਗਸਤ ਸੰਨ ੧੫੦੭ ਈਸਵੀ ਨੂੰ ਜਦੋਂ ਗੁਰੂ ਨਾਨਕ ਸਾਹਿਬ ਨੇ ਦੁਨੀਆ ਦੇ ਭੁਲੇ ਭਟਕੇ ਲੋਕਾਂ ਨੂੰ ਨਾਮ ਬਾਣੀ ਦਾ ਛੱਟਾ ਦੇਣ ਲਈ ਸੁਲਤਾਨਪੁਰੋਂ ਤਿਆਰੀਆਂ ਕੀਤੀਆਂ ਤਾਂ ਬੇਬੇ ਨਾਨਕੀ ਜੀ ਨੂੰ ਖ਼ਾਸ ਤੌਰ ਤੇ ਆਪ ਨੇ ਇਹ ਲਫ਼ਜ਼ ਕਹੇ ਸਨ—'ਬੇਬੇ ! ਜਦੋਂ ਤੇਰੇ ਹਿਰਦੇ ਵਿਚ ਸਾਡੇ ਮਿਲਣ ਲਈ ਬਹੁਤ ਤਾਂਘ ਪੈਦਾ ਹੋ ਜਾਵੇ ਤਾਂ ਅਕਾਲ ਪੁਰਖ ਅਗੇ ਹੱਥ ਜੋੜ ਕੇ ਅਰਦਾਸ ਕਰੀਂ। ਅਸੀਂ ਫ਼ੌਰਨ ਤੇਰੇ ਪਾਸ ਆ ਜਾਇਆ ਕਰਾਂਗੇ ।'

ਇਤਿਹਾਸ ਗਵਾਹ ਹੈ, ਬੇਬੇ ਨਾਨਕੀ ਜੀ ਨੇ ਜਦੋਂ ਵੀ ਗੁਰੂ ਸਾਹਿਬ ਦੇ ਦਰਸ਼ਨਾਂ ਦੀ ਯਾਚਨਾ ਕੀਤੀ, ਗੁਰੂ ਸਾਹਿਬ ਚਾਹੇ ਹਜ਼ਾਰਾਂ ਮੀਲਾਂ ਤੇ ਹੁੰਦੇ ਸਨ, ਫ਼ੌਰਨ ਭਾਈ ਮਰਦਾਨਾ ਜੀ ਨੂੰ ਕਹਿੰਦੇ ਸਨ—'ਮਰਦਾਨਿਆ ! ਬੇਬੇ ਯਾਦ ਕਰਦੀ ਹੈ । ਚਲ ! ਸੁਲਤਾਨ ਪੁਰ ਚਲੀਏ।' ਫਿਰ ਆਪ ਅੱਖ ਦੇ ਫੋਰ ਵਿਚ ਬੇਬੇ ਨਾਨਕੀ ਪਾਸ ਪਹੁੰਚ ਜਾਂਦੇ ਸਨ।

ਬੇਬੇ ਨਾਨਕੀ ਜੀ ਦਾ ਦੇਹਾਂਤ ਸੰਨ ੧੫੧੮ ਈਸਵੀ ਵਿਚ ਹੋਇਆ । ਆਪ ਤੋਂ ਦੋ ਦਿਨ ਬਾਅਦ ਭਾਈ ਜੈ ਰਾਮ ਜੀ ਵੀ ਇਸ ਦੁਨੀਆ ਤੋਂ ਚਲੇ ਗਏ। ਬੇਬੇ ਨਾਨਕੀ ਜੀ ਨਾਲ ਸੱਚੀ ਪ੍ਰੀਤ ਨਿਭਾ ਗਏ। ਉਨ੍ਹਾਂ ਲਈ ਪਤਨੀ ਦਾ ਵਿਛੋੜਾ ਅਸਹਿ ਸੀ।

ਜਿਸੁ ਪਿਆਰੇ ਸਿਉ ਨੇਹੁ, ਤਿਸੁ ਆਗੈ ਮਰਿ ਚਲੀਐ॥ ਧ੍ਰਿਗੁ ਜੀਵਣੁ ਸੰਸਾਰਿ, ਤਾ ਕੈ ਪਾਛੈ ਜੀਵਣਾ ॥੨॥ [ਮਹਲਾ ੨, ਵਾਰ ਸ੍ਰੀ ਰਾਗ

ਗੁਰੂ ਨਾਨਕ ਦੇਵ ਜੀ ਨੇ ਭੈਣ ਅਤੇ ਭਣਵਈਏ, ਦੋਹਾਂ ਦਾ ਸਸਕਾਰ ਆਪਣੇ ਹੱਥੀਂ ਕੀਤਾ ਸੀ।

**ਬੇਬੇ ਨਾਨਕੀ ਜੀ ਦੀਆਂ ਯਾਦਗਾਰਾਂ—**

੧. ਗੁਰਦਵਾਰਾ ਡੇਹਰਾ ਚਾਹਲ—ਇਹ ਗੁਰਦਵਾਰਾ ਪਿੰਡ ਚਾਹਲ ਜ਼ਿਲਾ ਲਾਹੌਰ ਵਿਖੇ ਸਥਾਪਤ ਹੈ। ਇਹ ਉਹ ਸਥਾਨ ਹੈ ਜਿਥੇ ਬੇਬੇ ਨਾਨਕੀ ਜੀ ਦਾ ਜਨਮ ਹੋਇਆ ਸੀ । ਗੁਰੂ ਨਾਨਕ ਦੇਵ ਜੀ ਦੇ ਚਰਨ ਵੀ ਕਈ ਵਾਰੀ ਇਸ ਸਥਾਨ ਤੇ ਪਏ ਸਨ । ਕਿਉਂਕਿ ਇਕ ਤਾਂ ਇਹ ਉਨ੍ਹਾਂ ਦੇ ਨਾਨਕਿਆਂ ਦਾ ਘਰ ਸੀ, ਦੂਜਾ ਇਥੇ ਬੈਠ ਕੇ ਲੋਕਾਂ ਨੂੰ ਸਤਿਨਾਮ ਦਾ ਉਪਦੇਸ਼ ਦਿੱਤਾ ਸੀ।

੨. ਗੁਰਦਵਾਰਾ ਧਰਮਸਾਲਾ ਬੀਬੀ ਨਾਨਕੀ ਜੀ— ਇਹ ਗੁਰਦਵਾਰਾ, ਸੁਲਤਾਨ ਪੁਰ ਵਿਚ ਉਸ ਥਾਂ ਸਥਾਪਤ ਹੈ, ਜਿਥੇ ਬੇਬੇ ਨਾਨਕੀ ਜੀ ਦਾ ਘਰ ਹੁੰਦਾ ਸੀ। ਇਹ ਗੁਰਦਵਾਰਾ ਛੀਂਬਿਆਂ ਦੇ ਮਹੱਲੇ ਵਿਚ ਹੈ। ਇਹ ਅੱਜ ਕਲ੍ਹ ਇਕ ਸਿੱਖ ਪਰਵਾਰ ਦੇ ਕਬਜ਼ੇ ਹੇਠ ਹੈ। ਇਥੇ ਬੇਬੇ ਨਾਨਕੀ ਜੀ ਦੀ ਖੂਹੀ ਤੇ ਬੂਹੇ ਅਗੇ ਬੋਹੜ ਅਜੇ ਤਕ ਮੌਜੂਦ ਹਨ।



www.AKJ.Org

# ਕੇਸਕੀ (ਛੋਟੀ ਦਸਤਾਰ)

ਮਨੁੱਖੀ ਸੁੰਦਰ ਸਰੀਰ ਕਰਤਾਰ ਦੀ ਅਮੁੱਲੀ ਦੇਣ ਹੈ। ਕੇਸ ਤਾਂ ਸਰੀਰ ਦਾ ਹੀ ਅੰਗ ਹਨ। ਸੰਸਾਰ ਦੇ ਸਭ ਪੁਰਾਤਨ ਪ੍ਰਾਣੀ, ਪੀਰ ਪੈਗੰਬਰ, ਰਿਸ਼ੀ ਮੁਨੀ ਤੇ ਅਵਤਾਰ ਕੇਸ਼ਾਧਾਰੀ ਹੀ ਹੋਏ ਹਨ। ਸਮੇਂ ਦੇ ਚਕਰ ਨਾਲ ਕੇਸ ਕਟਾਉਣ ਦੀ ਕੁਰੀਤੀ ਚਲ ਪਈ ਤੇ ਫਿਰ ਪਰਚਲਤ ਹੋ ਗਈ। ਸਿਖ ਗੁਰੂ ਸਾਹਿਬਾਨ ਨੇ ਅਸ਼ਰਫੁਲ-ਮਖਲੂਕਾਤ ਜੀਵ, ਭਾਵ ਸਰਬ ਜੀਵਾਂ ਦੇ ਸਰਦਾਰ ਮਨੁੱਖ ਨੂੰ ਰੱਬ ਦੀ ਆਪਣੀ ਬਖਸ਼ੀ ਮੁਕੰਮਲ, ਹਰ ਪਖੋਂ ਪੂਰਨ ਤੇ ਸਾਬਤ ਸੂਰਤ ਨੂੰ ਭੰਨ ਕੇ ਬੇ-ਈਮਾਨ (ਅਧਰਮੀ) ਬਣਨ ਤੋਂ ਵਰਜਿਆ। ਬਾ-ਈਮਾਨ ਬੰਦਿਆਂ ਅਥਵਾ ਧਰਮੀ ਪੁਰਸ਼ਾਂ ਨੂੰ ਕਰਤਾਰ ਦੀ ਬਖ਼ਸ਼ੀ ਪਵਿਤਰ ਦਾਤ, ਸੀਸ ਦੇ ਕੇਸ ਸੰਭਾਲਣ ਲਈ, ਦਾਤਾਰ ਗੁਰੂ ਗੋਬਿੰਦ ਸਿੰਘ ਨੇ ਕੇਸਕੀ (ਛੋਟੀ ਦਸਤਾਰ) ਦੀ ਦਾਤ ਦਿੱਤੀ। ਇਸ ਨੂੰ ਧਰਨੀ-ਧਰ ਅਕਾਲ ਪੁਰਖ ਦੀ ਆਗਿਆ ਵਿਚ ਚਲਾਏ ਧਰਮ-ਪੰਥ ਦੇ ਧਾਰਨੀਆਂ ਦੀ ਧਾਰਨ ਯੋਗ ਰਹਿਤ ਦਾ ਇਕ ਅਨਿਖੜਵਾਂ ਅੰਗ ਨੀਯਤ ਕਰ ਦਿੱਤਾ। ਆਪ ਜੀ ਦੇ ਅਵਤਰਨ ਤੋਂ ਪਹਿਲਾਂ ਵੀ 'ਸਾਬਤ ਸੂਰਤ' ਤੇ 'ਦਸਤਾਰ ਸਿਰਾ' ਵਾਲੀ ਮਰਿਆਦਾ ਆਪ ਦੇ ਪਹਿਲੇ ਨੌਂ ਸਰੂਪਾਂ ਦੇ ਵੇਲੇ ਵੀ ਯਕੀਨੀ ਤੌਰ ਤੇ ਵਰਤ ਰਹੀ ਸੀ।

ਹਾਂ, ਦਸਮੇਸ਼ ਪਿਤਾ ਨੇ ਖਾਲਸਾ ਸਾਜਣ ਸਮੇਂ ਇੰਨਾ ਵਾਧਾ ਕੀਤਾ, ਕਿ ਕੱਛ, ਕੜਾ, ਕਿਰਪਾਨ, ਕੰਘਾ ਖਾਲਸਈ ਵਰਦੀ ਦੇ ਅੰਗ ਨੀਯਤ ਕਰਨ ਦੇ ਨਾਲ 'ਕੇਸਕੀ' ਨੂੰ ਵੀ ਸਿੱਖ ਵਰਦੀ ਦਾ ਅੰਗ ਕਰਾਰ ਦੇ ਦਿੱਤਾ। ਕੇਸਕੀ ਸਿਖ ਪਹਿਰਾਵੇ ਦਾ ਅਨਿਖੜਵਾਂ ਅੰਗ ਹੈ। ਇਸ ਨਾਲ ਹੀ ਖ਼ਾਲਸੇ ਦਾ ਨਿਰਾਲਾਪਨ ਵਿਸ਼ੇਸ਼ ਤੋਰ ਤੇ ਪਰਗਟ ਹੁੰਦਾ ਹੈ। 'ਕੇਸ' ਅਕਾਲ ਪੁਰਖ ਦੀ ਮਿਹਰ ਹਨ ਤੇ 'ਕੇਸਕੀ' ਉਸਦੇ ਨਿਵਾਜੇ ਸੁਤ ਸਾਹਿਬ ਸ੍ਰੀ ਕਲਗੀਧਰ ਦੀ ਮੁਹਰ ਹੈ। ਕੇਸਾਂ ਦੇ ਕਾਤਲ ਬਾਤਲ ਸਿਰ-ਗੁੰਮ ਨੂੰ ਇਸ ਮੁਹਰ ਵਾਲੀ ਗੁਰੂ-ਮਿਹਰ ਪ੍ਰਾਪਤ ਹੀ ਨਹੀਂ ਹੋ ਸਕਦੀ। ਕੇਸ ਰਹਿਤ ਦਾ ਨਹੀਂ, ਸਰੀਰ ਦਾ ਹੀ ਅੰਗ ਹਨ। ਅੰਮ੍ਰਿਤ ਦੀ ਦਾਤ ਸਰੀਰ ਦੀ ਸਾਬਤ ਸੂਰਤ ਰਖਣ ਵਾਲੇ ਅਧਿਕਾਰੀ ਨੂੰ ਹੀ ਮਿਲ ਸਕਦੀ ਹੈ। ਬਰਤਨ ਬਿਨਾਂ ਦਾਨ ਕਿਥੇ ਪਵਾਉਗੇ? ਜੇ ਪਾਤਰ ਹੈ ਤਾਂ ਹੀ ਕੁਝ ਪ੍ਰਾਪਤ ਹੋ ਸਕਦਾ ਹੈ। ਸੋ ਭਾਂਡਾ ਪਹਿਲੋਂ ਤੇ ਛਾਂਦਾ ਪਿਛੋਂ। ਮੂਲ ਮੁਦਾ ਇਹ ਕਿ ਕੇਸ ਤਾਂ ਪਾਤਰ ਬਣਾਉਂਦੇ ਹਨ, ਜਿਸ ਵਿਚ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ। ਕੇਸਾਂ ਦਾ ਕਾਤਲ ਪਤਿਤ ਹੈ, ਉਹ ਇਸ ਦਾਤ ਦਾ ਅਧਿਕਾਰੀ ਨਹੀਂ।

ਸਾਡੇ ਸਿਰ ਦੇ ਸਾਈਂ ਨੇ ਅੰਮ੍ਰਿਤ ਦੀ ਦਾਤ ਦੇਣ ਸਮੇਂ 'ਕੇਸਕੀ' ਦੀ ਮੁਹਰ ਸਾਡੇ ਸਿਰ ਤੇ ਲਾ ਸਾਨੂੰ ਅਪਣਾ ਲਿਆ, ਆਪਣਾ ਬਣਾ ਲਿਆ, ਗਲੇ ਲਾ ਲਿਆ, ਗੋਦ ਵਿਚ ਲੈ ਲਿਆ ਤੇ ਸਾਡੇ ਲਈ ਜੋ ਭਾਵ ਪ੍ਰਗਟਾਏ, ਇਕ ਕਵੀ ਨੇ ਕੁਝ ਇਸ ਤਰ੍ਹਾਂ ਦੇ ਸ਼ਬਦਾਂ ਵਿਚ ਦਸੇ ਹਨ :—

"ਜਿਨ ਕੀ ਜਾਤ ਔਰ ਕੁਲ ਮਾਹੀਂ।
ਸਰਦਾਰੀ ਨਹੀਂ, ਭਈ ਕਦਾਈਂ।
ਇਨਹੀ ਕੋ ਸਰਦਾਰ ਬਣਾਵੌਂ।
ਤਬੈ ਗੋਬਿੰਦ ਸਿੰਘ ਨਾਮ ਕਹਾਵੌਂ।"

ਅਸਾਂ ਗਰੀਬਾਂ ਰੁਲਦਿਆਂ ਖੁਲਦਿਆਂ ਨੂੰ ਸਰਦਾਰੀ ਬਖ਼ਸ਼ਣ ਵਾਲਾ ਚਿੰਨ੍ਹ ਕੇਸਕੀ ਹੀ ਹੈ। ਇਸ ਦੇ ਸਜਾਇਆਂ ਹੀ ਚਿਹਰੇ ਮੁਹਰੇ ਦੀ ਸ਼ੋਭਾ ਤੇ ਆਭਾ ਦੂਣ-ਚਉਣੀ ਹੋ ਜਾਂਦੀ ਹੈ। ਗੋਸਾਈਂ ਦੇ ਪਹਿਲਵਾਨੜੇ ਮਰਦ ਅਗੰਮੜੇ, ਵਰਿਆਮ ਇਕੇਲੇ ਨੇ ਅਕਾਲੀ ਰਜ਼ਾ ਵਿਚ ਮੁਰਦੇ ਤੇ ਮਰਦੇ ਸੰਸਾਰ ਅੰਦਰ ਅੰਮ੍ਰਿਤ-ਸੰਚਾਰ ਰਾਹੀਂ ਅਮਰ ਜੀਵਨ ਦੀ ਰੌ ਚਲਾ ਦਿੱਤੀ। ਸਾਡੇ ਦੀਨ ਦੁਨੀ ਦੇ ਸਾਈਂ, ਭੂਤ ਭਵਿਖਤ ਦੇ ਦਾਨੇ ਬੀਨੇ ਨੇ ਕਿੰਨਾ ਚੰਗਾ ਕੀਤਾ ਕਿ ਸਾਡੇ ਅੰਮ੍ਰਿਤ-ਸੰਚਰਾਏ ਕੇਸਾਂ ਦੀ ਕਦਰ-ਕੀਮਤ ਨੂੰ ਮੁਖ ਰੱਖਦੇ ਹੋਏ ਕੇਸਾਂ ਦਾ ਕਜਣ ਵੀ ਨਾਲ ਬਖ਼ਸ਼ ਦਿੱਤਾ. ਕਿੰਨਾ ਉਪਕਾਰ ਕੀਤਾ ਇਸ ਬਖ਼ਸ਼ਸ਼ ਰਾਹੀਂ।

ਇਸ ਕੇਸਕੀ ਦੀ ਦਾਤ ਤੋਂ ਵਾਂਝੀ ਦੁਨੀਆ ਧਰਮ ਸ਼ਰਮ ਵਲੋਂ ਗੁਮਰਾਹ ਹੋ ਰਹੀ ਹੈ ਅਤੇ ਅੰਨ੍ਹੇ ਵਾਹ ਦੋਜ਼ਖਾਂ ਦੀ ਅੱਗ ਵਿਚ ਪੈਣ ਲਈ ਦੌੜੀ ਜਾ ਰਹੀ ਹੈ। ਇਹ ਕਿੰਨੇ ਅਫਸੋਸ ਵਾਲੀ ਗੱਲ ਹੈ ਕਿ ਅਸੀਂ



www.AKJ.Org

ਗੁਰੂ ਦੇ ਸਿਖ ਸਦਾਵਣ-ਹਾਰੇ ਦੁਨੀਆ ਦੀ ਰੀਸੇ, ਦੁਨੀਆ ਨਾਲ ਜੁੜੇ, ਉਸੇ ਰਸਤੇ ਘੜੀਸੇ ਜਾਈਏ। ਉਹੋ ਗੱਲ ਹੈ ਕਿ–

"......ਦੁਨੀਆ ਕੇ ਦੇਖੇ ਮੂਆ,
ਚਾਲਤ ਕੁਲ ਕੀ ਕਾਨਿ ॥
ਤਬ ਕੁਲੁ ਕਿਸ ਕਾ ਲਾਜਸੀ,
ਜਬ ਲੇ ਧਰਹਿ ਮਸਾਨ ॥"

ਇਹ ਬੇ-ਮੁੱਲੀ ਬਖ਼ਸ਼ਸ਼ ਮੁਫ਼ਤੋ ਮੁਫਤ ਹੱਥ ਆਉਣ ਕਰਕੇ ਅਸੀਂ ਇਸ ਦੀ ਬੇ-ਕਦਰੀ ਕਰ ਰਹੇ ਹਾਂ, ਦੁਨੀਆ ਦੇ ਸੰਗ-ਦੇਖ ਤੇ ਲੋਕ-ਲਾਜ ਦੇ ਕਾਰਨ। ਸਤਿਗੁਰੂ ਮੁਕਤੀ-ਦਾਤੇ ਨੂੰ ਤਰਸ ਪਿਆ, ਉਸ ਦੇ ਤਰਸ ਪਿਆਂ ਸਾਨੂੰ ਇਜ਼ਤ ਆਬਰੂ ਵਾਲੇ ਲੱਜਣ ਕੱਜਣ 'ਕੇਸਕੀ' ਦੀ ਮਿਹਰਾਮਤ ਪ੍ਰਾਪਤ ਹੋਈ, ਪਰ ਅਸੀਂ ਕੀਤਾ ਉਪਕਾਰ ਨਾ ਜਾਤਾ। ਅਸੀਂ ਪਰਮ ਕਿਰਪਾਲੂ ਗੁਰਦੇਵ ਦੇ ਬਖ਼ਸ਼ੇ ਪ੍ਰੇਮ-ਪਟੋਲੇ ਦੀ ਸਾਰ ਨਹੀਂ ਜਾਣੀ। ਅਸੀਂ ਇਹ ਪਰਮ ਸੱਜੀਲਾ, ਛੱਬੀਲਾ, ਰੋਹਬੀਲਾ, ਦਗ ਦਗੀਲਾ ਤੇ ਪ੍ਰਭਾਵ-ਸ਼ੀਲਾ ਪ੍ਰੇਮ-ਪਟਕਾ ਭੁੰਜੇ ਪਟਕਾ ਸਿਟਿਆ ਤੇ ਸਿਰੋਂ ਨੰਗੇ ਰਹਿਣ ਵਿਚ ਮਾਣ ਜਾਤਾ, ਨਿਖ਼ਸਮੇ ਤੇ ਨਿਗੋਸਾਏਂ ਹੋਣ ਵਿਚ ਸੁਖ ਸਮਝਿਆ। ਉਡ ਉਡ ਕੇ ਖੇਹ ਸਾਡੇ ਝਾਟਿਆਂ ਵਿਚ ਪੈਣ ਲੱਗੀ। ਤਮਾਸ਼-ਬੀਨਾਂ ਦੀ ਹਾਸੀ ਦਾ ਸਾਮਾਨ ਬਣ ਕੇ ਵੀ ਆਪਣੀ ਮੂਰਖਤਾ ਵਲੋਂ ਸਾਨੂੰ ਉਦਾਸੀ ਨਾ ਹੋਈ। ਸਾਡੀਆਂ ਬੀਬੀਆਂ ਦੀ ਹਾਲਤ ਬਦ ਤੋਂ ਬਦਤਰ ਹੋ ਗਈ, ਸਰੇ ਬਾਜ਼ਾਰ ਲੁੱਚਿਆਂ ਲਫ਼ੰਗਿਆਂ ਮੁਸ਼ਟੰਡਿਆਂ ਦੀ ਗੰਦੀ ਗੁਫ਼ਤਾਰ ਦਾ ਸ਼ਿਕਾਰ ਹੋ ਕੇ ਵੀ ਅਵਾਜ਼ਾਰ ਨਾ ਹੋਈਆਂ। ਸਾਡੇ ਆਗੂਆਂ ਦੀ ਅਣ-ਗਹਿਲੀ ਤੇ ਦੀਰਘ-ਦ੍ਰਿਸ਼ਟੀ ਦੀ ਘਾਟ ਨੇ ਕੌਮ ਨੂੰ ਕਿਸ ਰਸਾਤਲ ਵਲ ਧਕੇਲ ਦਿਤਾ ਹੈ। ਸੱਚੇ! ਕੌਮ ਦੇ ਰਾਹਬਰੋ, ਨਿੱਜੀ ਕਮਜ਼ੋਰੀਆਂ ਨੂੰ ਲੁਕਾਉਣ ਲਈ ਆਮ ਸੰਗਤਾਂ ਵਿਚ ਭੁਲੇਖੇ ਨਾ ਪਾਉ।

ਭਰੋਸੇ ਯੋਗ ਵਸੀਲਿਆਂ ਤੋਂ ਪਤਾ ਲੱਗਾ ਹੈ ਕਿ ਕਿਸੇ ਸਮੇਂ ਸ੍ਰੀ ਅਕਾਲ ਤਖਤ ਤੋਂ ਸਰਬਤ ਅੰਮ੍ਰਿਤ-ਛਕਣਹਾਰਿਆਂ ਪੁਰਸ਼ਾਂ ਤੇ ਇਸਤ੍ਰੀਆਂ ਨੂੰ ਕੇਸਕੀਆਂ ਜਾਂ ਛੋਟੀਆਂ ਦਸਤਾਰਾਂ ਬੰਨ੍ਹਾਈਆਂ ਜਾਂਦੀਆਂ ਸਨ। ਇਹ ਕੋਈ ਬਹੁਤੀ ਦੇਰ ਦੀ ਗੱਲ ਨਹੀਂ। ਇਸ ਮਰਿਆਦਾ ਨੂੰ ਅਖੀਂ ਵੇਖ ਚੁੱਕੇ ਅਨੇਕਾਂ ਗੁਰਮੁਖ ਇਸ ਸਮੇਂ ਮੌਜੂਦ ਹਨ। ਹੈਰਾਨੀ ਹੈ ਕਿ ਕਿਉਂ ਉਹ ਸੁੰਦਰ ਮਰਿਆਦਾ ਉਡਾ ਦਿੱਤੀ ਗਈ! ਇਸ ਮਰਿਆਦਾ ਦੇ ਉਡਣ ਕਾਰਨ ਸਾਡਾ ਧਰਮ ਸ਼ਰਮ ਤੇ ਆਚਰਣ ਵੀ ਖੰਭ ਲਾ ਕੇ ਉਡਦਾ ਜਾ ਰਿਹਾ ਹੈ। 'ਰੋਮ ਜਲ ਰਿਹਾ ਸੀ ਤੇ ਨੀਰੋ ਬੰਸਰੀ ਵਜਾ ਰਿਹਾ ਸੀ', ਤੁਸੀਂ ਐਸਾ ਨਾ ਕਰੋ। ਸਿਖੀ ਦੇ ਥੰਮ੍ਹ ਰੋਮ (ਸਿਰ ਦੇ ਕੇਸ) ਖਤਰੇ ਵਿਚ ਹਨ, ਤੁਸੀਂ ਤਮਾਸ਼ਬੀਨਾਂ ਵਾਲੀ ਬੰਸੀ ਨਾ ਵਜਾਉ। ਹੋ ਚੁਕੀ ਉਕਾਈ ਤੇ ਕੋਤਾਹੀ ਨੂੰ ਸੰਭਾਲੋ ਤੇ ਕੇਸਕੀ ਨੂੰ ਪੰਜਵਾਂ ਕਕਾਰ ਕਰਾਰ ਦਿਉ, ਤਾਕਿ ਕੌਮ ਦੇ ਰੋੜ੍ਹ ਵਿਚ ਠਲ੍ਹ ਪਵੇ। ਕੇਸਕੀ ਸਿਖ ਰਹਿਣੀ ਦਾ ਅਨਿਖੜਵਾਂ ਅੰਗ ਹੈ, ਇਸ ਨਿਖੇੜੇ ਹੋਏ ਅੰਗ ਦੇ ਕਾਰਨ ਕਿੰਨੇ ਬਖੇੜੇ ਤੇ ਥਪੇੜੇ ਪੈ ਰਹੇ ਹਨ? ਗੁਰਮਤਿ ਦੇ ਅਦਬ ਵਿਚ ਆਉ, ਸਿਰੋਂ ਉਤਾਰੀ ਮਿਟੀ ਵਿਚ ਰੋਲੀ ਦਸਤਾਰ ਨੂੰ ਮੁੜ ਸਤਿਕਾਰ ਸਹਿਤ ਸੀਸ ਤੇ ਸਜਾਉ। ਇਸ ਭੁਲੇਖੇ ਵਿਚ ਨਾ ਪਵੋ ਤੇ ਨਾ ਪਾਵੋ ਕਿ ਕੇਸਕੀ ਕਿਸੇ ਦੀ ਮਨੋਂ ਉਪਜੀ ਕਾਢ ਹੈ। ਭਾਈ ਕਾਹਨ ਸਿੰਘ ਦੇ ਮਹਾਨ ਕੋਸ਼ ਵਿਚ ਇਸ ਦੇ ਅਰਥ ਦਿਤੇ ਹਨ, "ਛੋਟੀ ਪੱਗ, ਜੋ ਕੇਸਾਂ ਦੀ ਰਖਯਾ ਲਈ ਪਹਿਰੀ ਜਾਂਦੀ ਹੈ।"

ਭਾਈ ਚੌਪਾ ਸਿੰਘ ਜੀ ਦਾ ਰਹਿਤਨਾਮਾ ਆਖਦਾ ਹੈ, "ਕੱਛ ਕੜਾ ਕਿਰਪਾਨ ਕੰਘਾ ਕੇਸਕੀ। ਇਹ ਪੰਜ ਕਕਾਰੀ ਰਹਿਤ ਧਾਰੇ, ਸਿਖ ਸੋਈ।"

ਗੁਰਬਾਣੀ ਵਿਚ ਫ਼ੁਰਮਾਨ ਹੈ –

"ਨਾਪਾਕ ਪਾਕੁ ਕਰਿ ਹਦੂਰਿ ਹਦੀਸਾ, ਸਾਬਤ ਸੂਰਤਿ ਦਸਤਾਰ ਸਿਰਾ।" ਭਾਵ ਸੀਸ ਤੇ ਦਸਤਾਰ ਸੰਯੁਕਤ ਸਾਬਤ ਸੂਰਤ ਰਖਣੀ ਹੀ ਸੱਚੀ ਹਾਜ਼ਰ ਹਜ਼ੂਰੀ ਹਦੀਸ (ਰਹਿਤ) ਹੈ। (ਹੇ ਰੱਬੀ ਰਾਹ ਦੇ ਪਾਂਧੀ) ਇਉਂ ਨਾਪਾਕ ਮਨ ਨੂੰ ਪਾਕ ਕਰ। ਭਾਵ ਇਹ ਕਿ ਜੋ ਸਾਬਤ ਸੂਰਤ ਨੂੰ ਭੰਨਦੇ ਤੋੜਦੇ, ਤੁਛਦੇ ਮੁਛਦੇ, ਜਾਂ ਅੰਗ ਛੇਦਦੇ ਹਨ, ਉਹ ਇਹ ਸਭ ਕੁਝ ਕਰਕੇ ਵਿਕਾਰੀ ਮਨ ਦੇ ਮਗਰ ਲਗ ਕੇ ਆਪਣੇ ਮਨ ਨੂੰ ਹੋਰ ਨਾਪਾਕ ਕਰਦ ਹਨ। ਤਾਂ ਤੇ ਉਪ੍ਰੋਕਤ ਰਹਿਤ ਰਹਿਣੀ ਰਖਣੀ ਹੀ ਸੱਚੀ ਹਦੀਸ ਹੈ, ਜਿਸ ਆਸਰੇ "ਰਹਤ ਰਹਤ ਰਹਿ ਜਾਹਿ ਵਿਕਾਰਾ॥"



www.AKJ.Org

ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਮਾਤਾ ਭਾਗ ਕੌਰ (ਮਾਈ ਭਾਗੋ) ਨੂੰ ਪਰਮ ਹੰਸ ਵਾਲੀ ਬ੍ਰਹਮ ਗਿਆਨ-ਅਵਸਥਾ ਪ੍ਰਾਪਤ ਹੋਣ ਤੇ ਨਗਨ ਰਹਿਣ ਵਲੋਂ ਵਰਜਦੇ ਹੋਏ ਦਸਮੇਸ਼ ਜੀ ਨੇ ਇਉਂ ਫ਼ੁਰਮਾਇਆ, "ਪਹਿਰਿ ਕਾਛ, ਲਘੁ ਸਿਰ ਦਸਤਾਰੇ।"

ਸਮੁੰਦਰ ਪਾਰੋਂ ਆਈ ਕੌਮ ਦਾ ਇਕ ਵਿਦਵਾਨ ਕਨਿੰਘਮ 'History of the Sikhs' ਵਿਚ ਮੰਨਦਾ ਹੈ

"The Sikh Women are distinguished from Hindoos of their sex by some variety of dress, chiefly by a higher top knot of hair."

ਭਾਵ : ਸਿਖ ਔਰਤਾਂ ਹਿੰਦੂ ਔਰਤਾਂ ਨਾਲੋਂ ਆਪਣੇ ਵਿਲਖਣ ਪਹਿਰਾਵੇ ਤੇ ਖ਼ਾਸ ਕਰਕੇ ਆਪਣੇ ਕੇਸਾਂ ਦੇ ਜੂੜੇ ਕਾਰਨ ਵਖ ਪ੍ਰਗਟ ਹੋ ਜਾਂਦੀਆਂ ਹਨ।

ਇਹ ਆਨ-ਮਤ ਦੀਆਂ ਇਸਤ੍ਰੀਆਂ ਨਾਲੋਂ ਵਖ ਪ੍ਰਗਟ ਕਰਨ ਵਾਲਾ ਸਿਖ-ਔਰਤਾਂ ਦਾ ਵਿਲਖਣ ਪਹਿਰਾਵਾ ਕੇਸਕੀ ਜਾਂ ਲਘੁ ਦਸਤਾਰੇ ਬਿਨਾਂ ਹੋਰ ਕੋਈ ਨਹੀਂ ਹੋ ਸਕਦਾ।

ਅਨੇਕਾਂ ਵੇਰ ਅਸੀਂ ਰਹਿਤ-ਨਾਮਿਆਂ ਵਿਚ ਸਿਖ ਪ੍ਰਤੀ ਇਹ ਦ੍ਰਿੜ੍ਹਾਇਆ ਵੇਖਦੇ ਹਾਂ ਕਿ ਉਹ ਸਿਰੋਂ ਨਗਨ ਨਾ ਰਹੇ, ਨਾ ਤੁਰੇ ਫਿਰੇ। ਕੇਸ ਹਰੇ ਕਰਨ ਤੇ ਕੰਘਾ ਕਰਨ ਦੇ ਸਮੇਂ ਤੋਂ ਬਿਨਾਂ ਜਿਥੋਂ ਤਕ ਸੰਭਵ ਹੋ ਸਕੇ, ਸੀਸ ਢਕ ਕੇ ਰਖਣ ਦੀ ਹਿਦਾਇਤ ਮਿਲਦੀ ਹੈ। ਇਸ ਮਤਲਬ ਲਈ ਸਦੀਵੀ ਸਾਵਧਾਨੀ ਗੁਰੂ-ਦਿਤੀ ਰਹਿਤ 'ਕੇਸਕੀ' ਨੂੰ ਅੰਗ ਸੰਗ ਰਖੇ ਬਿਨਾ ਹੋ ਹੀ ਨਹੀਂ ਸਕਦੀ। ਕੀ ਇਸਦਾ ਕੋਈ ਹੋਰ ਉਪਾ ਕੀਤਾ ਜਾ ਸਕਦਾ ਹੈ? ਨਹੀਂ, ਹਰਗਿਜ਼ ਨਹੀਂ।

ਦਸਮੇਸ਼ ਜੀ ਨੇ ਅੰਮ੍ਰਿਤ ਛਕਾ ਕੇ ਆਪਣੇ ਸਪੁੱਤਰਾਂ ਤੇ ਸਪੁੱਤਰੀਆਂ ਪ੍ਰਤੀ ਉਨ੍ਹਾਂ ਦਾ ਕਰਤੱਵ ਅਤੇ ਆਪਣਾ ਪਿਆਰ ਪ੍ਰਗਟਾਉਂਦਿਆਂ ਹੋਇਆਂ, ਉਨ੍ਹਾਂ ਦੇ ਨਾਵਾਂ ਨਾਲ 'ਸਿੰਘ' ਤੇ 'ਕੌਰ' ਸ਼ਬਦ ਦਾ ਲਾਉਣਾ ਜ਼ਰੂਰੀ ਕਰਾਰ ਦਿੱਤਾ। 'ਸਿੰਘ' ਦਾ ਅਰਥ ਸ਼ੇਰ ਸਭ ਜਾਣਦੇ ਹਨ ਅਤੇ 'ਕੌਰ' ਦਾ ਅਰਥ ਹੈ 'ਸ਼ਹਿਜ਼ਾਦਾ'। ਲਾਡ ਪਿਆਰ ਵਿਚ ਆਇਆ ਪਿਤਾ ਪੁਤਰੀ ਨੂੰ 'ਪੁਤ' ਕਹਿ ਕੇ ਆਮ ਸੰਬੋਧਨ ਕਰ ਦੇਂਦਾ ਹੈ ਅਤੇ ਦਸਮੇਸ਼ ਨੇ ਆਪਣੀਆਂ ਸਾਰੀਆਂ ਸਪੁਤਰੀਆਂ ਨੂੰ 'ਕੌਰ' ਬਣਾ ਦਿੱਤਾ ਹੈ। ਸ਼ਾਹਿ-ਸ਼ਾਹਨਸ਼ਾਹ ਗੁਰੂ ਗੋਬਿੰਦ ਸਿੰਘ ਦੇ ਘਰ ਜਨਮ ਲੈਣ ਵਾਲੀਆਂ ਸਰਬੱਤ ਬੀਬੀਆਂ ਦਾ ਪਹਿਰਾਵਾ ਆਪਣੇ ਨਾਵਾਂ ਦੇ ਸਮਾਨ ਭਾਵ ਰਖਣ ਵਾਲਾ ਹੀ ਹੋ ਸਕਦਾ ਸੀ। ਕੇਸਕੀ ਬਿਨਾਂ ਸਿਖ ਬੀਬੀ 'ਕੌਰ' (ਸ਼ਹਿਜ਼ਾਦਾ), ਦੋ ਜਹਾਨਾਂ ਦੇ ਵਾਲੀ ਕਲਗੀਧਰ ਦਾ ਬੇਟਾ ਸਦਾਉਂਦੀ ਹਰਗਿਜ਼ ਨਹੀਂ ਸੋਭ੍ਹਦੀ।

ਸੋ ਸਮੂਹ ਪੰਥ-ਦਰਦੀਆਂ ਤੇ ਕੌਮੀ ਆਗੂਆਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਗੁਰੂ ਦ੍ਰਿੜ੍ਹਾਈ ਮਰਿਆਦਾ, ਜਿਸਦਾ ਅੱਜ ਤੋਂ ਪੰਜਾਹ ਸਠ ਸਾਲ ਪਹਿਲੇ ਕਾਫ਼ੀ ਬੋਲ-ਬਾਲਾ ਸੀ, ਨੂੰ ਮੁੜ ਸੁਰਜੀਤ ਤੇ ਪ੍ਰਚਲਤ ਕਰਨ ਲਈ ਕੇਸਕੀ ਨੂੰ ਸਹੀ ਤੌਰ ਤੇ ਕਕਾਰਾਂ ਵਿਚ ਸ਼ਾਮਲ ਕੀਤਾ ਜਾਏ। ਐਸਾ ਕਰਨ ਨਾਲ ਸੰਖੇਪ ਰੂਪ ਵਿਚ ਹੇਠ ਲਿਖੇ ਲਾਭ ਹੋਣਗੇ—

(੧) ਸਿਖ ਬੀਬੀਆਂ, ਫ਼ੈਸ਼ਨਾਂ ਤੇ ਇਨ੍ਹਾਂ ਤੋਂ ਉਪਜ ਰਹੀ ਜ਼ਿੱਲਤ ਖ਼ੁਆਰੀ ਤੇ ਫ਼ਜ਼ੂਲ-ਖ਼ਰਚੀ ਤੋਂ ਖ਼ਲਾਸੀ ਪਾਉਣਗੀਆਂ। ਸਿਰ ਦੇ ਬਨਾਉ ਸ਼ਿੰਗਾਰ ਵਿਚ ਜ਼ਾਇਆ ਜਾਂਦਾ ਸਮਾਂ ਬਚੇਗਾ।

(੨) ਸਕੂਲਾਂ ਵਿਚ ਮਿਡਲ ਜਮਾਤਾਂ ਤਕ ਪੜ੍ਹਦੇ ਬੱਚਿਆਂ ਦੀ ਬਹੁ-ਗਿਣਤੀ ਨੰਗੇ ਸਿਰ ਰਹਿੰਦੀ ਹੈ। ਅਗਲੀਆਂ, ਜਮਾਤਾਂ ਵਿਚ ਵੀ ਕਾਫ਼ੀ ਵਿਦਿਆਰਥੀ ਨੰਗੇ ਸਿਰ ਰਹਿੰਦੇ ਹਨ। ਇਕ ਛੋਟਾ ਜਿਹਾ ਰੁਮਾਲ ਕੇਵਲ ਜੂੜੇ ਨੂੰ ਹੀ ਮਸਾਂ ਲਪੇਟਦਾ ਹੈ। ਬੀਬੀਆਂ ਤਾਂ ਬਹੁਤ ਸਾਰੀਆਂ ਬਿਲਕੁਲ ਸਿਰੋਂ ਨੰਗੀਆਂ ਰਹਿੰਦੀਆਂ ਹਨ। ਉਨ੍ਹਾਂ ਸਾਰਿਆਂ ਨੂੰ ਸਿਰ ਢੱਕਣ ਲਈ ਪ੍ਰੇਰਨਾ ਮਿਲੇਗੀ।

(੩) ਰੋਮਾਂ ਦੀ ਪ੍ਰਚਲਤ ਹੋ ਰਹੀ ਬੇ-ਅਦਬੀ ਵਿਚ ਠਲ੍ਹ ਪਵੇਗੀ। ਦੂਹਰੀਆਂ ਦਸਤਾਰਾਂ ਵਾਲੇ ਨੌਜੁਆਨ ਅਜਿਹੀ ਬੇਅਦਬੀ ਕਰਨ ਤੋਂ ਸ਼ਰਮ ਖਾਣਗੇ।

(੪) ਸਿਖਾਂ ਦਾ ਨੰਗੇ ਸਿਰ ਗਲੀ ਬਾਜ਼ਾਰਾਂ ਵਿਚ ਫਿਰਨਾ ਬੰਦ ਹੋ ਜਾਏਗਾ। ਅੱਜ ਤੋਂ ਪੰਦਰ੍ਹਾਂ ਸਾਲ ਪਹਿਲੇ ੧੯੫੬ ਵਿਚ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਨੂੰ ਸਿਖਾਂ ਦੇ ਨੰਗੇ ਸਿਰ ਤੁਰਨ ਫਿਰਨ ਤੇ ਦੁਖ ਹੋਇਆ। ਉਨ੍ਹਾਂ ਨੇ ਇਸ ਬੀਮਾਰੀ ਨੂੰ ਰੋਕਣ



www.AKJ.Org

ਲਈ ਯਥਾ-ਸ਼ਕਤ ਕੋਸ਼ਸ਼ ਕੀਤੀ, ਪਰ ਬੀਮਾਰੀ ਦਿਨੋ ਦਿਨ ਵਧਦੀ ਹੀ ਗਈ। ਇਸ ਨੂੰ ਰੋਕਣ ਦਾ ਗੁਰੂ-ਦਸਿਆ ਸੁਖਾਲਾ ਉਪਰਾਲਾ ਕੇਸਕੀ ਨੂੰ ਪੰਥ ਵਿਚ ਪਰਚਲਤ ਕਰਨਾ ਹੀ ਹੈ। ਘਟੋ ਘਟ ਅੰਮ੍ਰਿਤ ਧਾਰੀ ਸਾਰੇ ਸਿਖ ਮਰਦ ਇਸਤ੍ਰੀਆਂ ਤਾਂ ਬੱਚਣਗੇ ਹੀ।

(੫) ਪਰਦੇਸਾਂ ਵਿਚ ਵਸਦੇ ਵੀਰਾਂ ਨੂੰ ਦਸਤਾਰ ਉਤਾਰ ਕੇ ਟੋਪ (ਲੋਹੇ ਦੇ) ਆਦਿ ਪਹਿਨਣ ਲਈ ਕੋਈ ਮਜਬੂਰ ਨਹੀਂ ਕਰ ਸਕੇਗਾ।

(੬) ਸਿਖ ਧਰਮ ਦੇ ਧਾਰਨੀਆਂ ਦੇ ਚਿਹਰੇ-ਮੁਹਰੇ ਪ੍ਰਭਾਵ-ਸ਼ਾਲੀ ਤੇ ਰੋਅਬ-ਦਾਬ ਵਾਲੇ ਪਰਤੀਤ ਹੋਣਗੇ।

(੭) ਪ੍ਰਸਪਰ ਪਿਆਰ, ਸਤਿਕਾਰ, ਏਕਤਾ ਮਿਲਵਰਤਣ ਵਧੇਗੀ।

(੮) ਕੇਸਕੀ ਪੁਰਾਤਨ ਤੇ ਨਵੀਨ ਵਿਚਾਰ ਰਖਣ ਵਾਲਿਆਂ ਦੇ ਨੁਕਸਾਂ, ਵਿਸ਼ੇਸ਼ ਤੌਰ ਤੇ ਪਰਦਾ (ਘੁੰਡ) ਅਤੇ ਨੰਗੇਜ ਨੂੰ ਦੂਰ ਕਰਦੀ ਹੋਈ, ਦੋਹਾਂ ਵਿਚ ਇਕ ਸੁਚੱਜਾ ਮੇਲ ਕਰਾਕੇ ਸਹੀ ਰਾਹ ਵਿਖਾਵੇਗੀ।

ਹੋਰ ਵਧੇਰੇ ਵਿਸਥਾਰ ਵਿਚ ਨਾ ਜਾਂਦਾ ਹੋਇਆ ਸ: ਬਿਸ਼ਨ ਸਿੰਘ ਜੀ ਰੀਟਾਇਰਡ ਡਿਸਟ੍ਰਿਕਟ ਮੈਜਿਸਟ੍ਰੇਟ ਦੇ ਸ਼ਬਦਾਂ ਨਾਲ ਪੂਰਾ ਪੂਰਾ ਸਹਿਮਤ ਹੋਂਦਾ ਹੋਇਆ, ਇਹ ਲੇਖ ਸਮਾਪਤ ਕਰਦਾ ਹਾਂ :—

"ਕੇਸਕੀ ਤੇ ਕੇਵਲ ਕੇਸਕੀ ਨਾਲ ਹੀ ਐਸ ਵੇਲੇ ਸਿਖੀ ਦਾ ਬਚਾਅ ਹੈ।" [ਐਡੀਟਰ

---

# ਆਗਰੇ ਵਿਖੇ ਅਦੁਤੀ ਅਖੰਡ-ਕੀਰਤਨ ਸਮਾਗਮ

ਆਗਰਾ ਨਿਵਾਸੀ ਸੰਗਤਾਂ ਵਲੋਂ ਹੇਠ ਲਿਖੇ ਅਨੁਸਾਰ ਕੀਰਤਨ ਸਮਾਗਮ ਰਖੇ ਗਏ ਹਨ, ਜਿਸ ਵਿਚ ਗੁਰਪੁਰ-ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸਾਥੀ ਕੀਰਤਨੀ ਜਥੇ ਦਿਲੀ, ਬਰੇਲੀ, ਕਾਨਪੁਰ ਆਦਿ ਤੋਂ ਪੁਜ ਰਹੇ ਹਨ। ਸੰਗਤਾਂ ਹਾਜ਼ਰੀਆਂ ਭਰ ਕੇ ਅਨੰਦ ਮਾਣਨ।

**ਪ੍ਰੋਗਰਾਮ**

੮-੧੧-੭੪ ਸ਼ੁਕਰਵਾਰ ਸਵੇਰੇ ੫ ਵਜੇ ਤੋਂ ਦੁਪਹਿਰ ਤਕ ਅਖੰਡ ਕੀਰਤਨ ਗੁਰਦਵਾਰਾ ਮਾਈ ਥਾਨ ਵਿਖੇ।
ਸ਼ਾਮ ੬ ਤੋਂ ੯ ਸੋਦਰ ਦੀ ਚੌਕੀ ਗੁਰਦਵਾਰਾ ਕਲਗੀਧਰ ਸਦਰ ਬਜ਼ਾਰ ਵਿਖੇ।

੯-੧੧-੭੪ ਸ਼ਨੀਵਾਰ ਸਵੇਰੇ ੫ ਵਜੇ ਤੋਂ ਦੁਪਹਿਰ ਤਕ ਅਖੰਡ ਕੀਰਤਨ ਗੁਰਦਵਾਰਾ ਗੁਰੂ ਕਾ ਤਾਲ ਵਿਖੇ।
ਰਾਤ ੮ ਵਜੇ ਰੈਣ-ਸਬਾਈ ਕੀਰਤਨ ਅਰੰਭ ਗੁਰਦੁਆਰਾ ਕਾਛੀਪੁਰ (ਰੇਲਵੇ ਇਨਸਟੀਚਿਊਟ) ਵਿਖੇ।

੧੦-੧੧-੭੪ ਐਤਵਾਰ ਸਵੇਰੇ ੬-੩੦ ਵਜੇ ਸਮਾਪਤੀ।

ਨੋਟ :— ੧. ਅੰਮ੍ਰਿਤ-ਸੰਚਾਰ ੯ ਨਵੰਬਰ ਦੁਪਹਿਰ ਪਿਛੋਂ ਕਾਛੀਪੁਰ ਵਿਖੇ।
੨. ਰਿਹਾਇਸ਼ ਆਦਿ ਦੇ ਪ੍ਰਬੰਧ ਰੇਲਵੇ ਇਨਸਟੀਚਿਊਟ, ਆਗਰਾ ਕੈਂਟ ਵਿਖੇ।

ਪੁਛ-ਗਿਛ : ਮਕਾਨ ੪/੪੫੩, ਬਾਲੂਗੰਜ, ਆਗਰਾ ਕੈਂਟ — ਦਾਸਰੇ—ਅਖੰਡ ਕੀਰਤਨੀ ਜੱਥਾ, ਆਗਰਾ

---

# ਸਿਮਰਨ ਦਾਨ ਬਖ਼ਸ਼ੋ ਜੀ

ਸਰਦਾਰ ਮਸਤਾ ਸਿੰਘ ਜੀ ਡਰਬੀ (ਯੂ. ਕੇ) ਤੋਂ ਸਤ ਪੌਂਡ (ਰੁਪਏ ੧੨੯-੭੮ ਪੈਸੇ) ਸਹਾਇਤਾ ਭੇਜਦੇ ਹਨ ਅਤੇ ਬੜੀ ਨਿਮਰਤਾ ਸਹਿਤ ਗੁਰਸਿਖਾਂ ਦੇ ਚਰਨ ਪਰਸ ਕੇ ਜੋਦੜੀ ਕਰਦੇ ਹਨ ਕਿ ਇਹ ਤੁਛ ਭੇਟਾ 'ਸੂਰਾ' ਪੱਤਰ ਲਈ ਪਰਵਾਨ ਕਰਨੀ ਜੀ ਅਤੇ ਦਾਸ ਨਮਿਤ ਅਰਦਾਸ ਕਰਨੀ ਜੀ ਕਿ "ਸਾਸਿ ਸਾਸਿ ਸਿਮਰਤ ਰਹਾ, ਨਾਨਕ ਦਾਨੁ ਪਾਇ।" ਮੇਰੇ ਗਰੀਬ ਪਰ ਤਰਸ ਤਰਸ ਤਰਸ ਕਰੋ ਜੀ।

ਅੰਤਰਜਾਮੀ ਸਤਿਗੁਰੂ ਜੀ ਮਿਹਰਾਂ ਵਿਚ ਆ ਕੇ ਗੁਰਸਿਖ ਦੀ ਜਾਚਨਾ ਪਰਵਾਨ ਕਰਨ ਅਤੇ ਚੜ੍ਹਦੀਆਂ ਕਲਾ ਵਿਚ ਨਾਮ-ਰੰਗ ਅਤੇ ਗੁਰਸਿਖੀ ਵਾਲਾ ਉਚਾ ਸੁਚਾ ਜੀਵਨ ਬਖ਼ਸ਼ਣ।



www.AKJ.Org

# ਸਿਖ ਧਰਮ ਤੇ ਮਾਸ ਸ਼ਰਾਬ

## ਗੁਰ-ਇਤਿਹਾਸ ਵਿਚ ਮਾਸ ਨਿਸ਼ੇਧ

[ ਵਲੋਂ : ਜੇ. ਪੀ. ਸੰਗਤ ਸਿੰਘ ਜੀ, ੭੫/੩, ਮੁਲੰਡ ਕਾਲੋਨੀ, ਬੰਬਈ-੮੨ ]

[ ਲੜੀ ਜੋੜਨ ਲਈ ਵੇਖੋ 'ਸੂਰਾ' ਸਤੰਬਰ ]

### ਬਾਬਾ ਲਖਮੀ ਦਾਸ ਜੀ

ਬਾਬਾ ਲਖਮੀ ਦਾਸ ਜੀ, (ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਾਹਿਬਜ਼ਾਦੇ) ਦੇ ਜੀਵਨ ਦੀ ਇਕ ਘਟਨਾ ਉਹਨਾਂ ਦੇ ਜੀਵਨ-ਇਤਿਹਾਸ ਚੋਂ ਮਿਲਦੀ ਹੈ ਕਿ :—

ਆਪ ਜੀ ਇਕ ਦਿਨ ਸ਼ਿਕਾਰ ਖੇਡਣ ਚਲੇ ਗਏ ਅਤੇ ਇਕ ਸਹਿਆ ਮਾਰ ਲਿਆਏ। ਬਾਬਾ ਸ੍ਰੀ ਚੰਦ ਜੀ ਨੇ ਵੇਖਿਆ ਤੇ ਕਹਿਆ, "ਇਸ ਕਾ ਹਿਸਾਬ ਦੇਨਾ ਪੜ੍ਹੇਗਾ, ਗੁਰੂ ਨਾਨਕ ਜੀ ਕੇ ਘਰ ਜਨਮ ਲੇ ਕਰ ਐਸਾ ਕਰਮ ਕਿਉਂ ਕੀਆ ਹੈ ?"

ਬਾਬਾ ਜੀ ਉਸ ਵੇਲੇ ਅਜੇ ਘੋੜੇ ਉਤੇ ਹੀ ਸਵਾਰ ਸਨ, ਸੁਣ ਕੇ ਕਹਿਣ ਲਗੇ, "ਹਛਾ ਪਹਿਲੇ ਹਿਸਾਬ ਹੀ ਪੂਰਾ ਕਰ ਆਵੇਂ" ਅਤੇ ਇਤਨਾ ਕਹਿ ਕੇ ਉਹ ਘੋੜੇ ਉਤੇ ਚੜ੍ਹੇ ਚੜ੍ਹੇ ਹੀ ਅਕਾਸ਼ ਮਾਰਗ ਨੂੰ ਚਲੇ ਗਏ।

(ਸ੍ਰੀ ਗੁਰ ਤੀਰਥ ਸੰਗ੍ਰਹਿ—ਪੰਡਤ ਤਾਰਾ ਸਿੰਘ)

ਜੇ ਗੁਰੂ ਨਾਨਕ ਦੇ ਘਰ ਜਨਮ ਲੈ ਕੇ "ਐਸਾ ਕਰਮ" ਜੀਭ-ਸੁਆਦ ਲਈ ਕਿਸੇ ਜੀਵ ਦੀ ਹਤਿਆ, ਪਾਪ ਹੈ ਤੇ ਇਸ ਦਾ ਹਿਸਾਬ ਦੇਣਾ ਪੈਂਦਾ ਹੈ ਤਾਂ ਕੀ ਗੁਰੂ ਨਾਨਕ ਦੇ ਸਿਖ ਇਸ ਹਿਸਾਬ ਤੋਂ ਮੁਕਤ ਹਨ ? ਉਹਨਾਂ ਨੂੰ ਦੁਨੀਆਂ ਭਰ ਦੇ ਬਕਰੇ, ਕੁਕੜ, ਬਟੇਰੇ, ਮੱਛੀਆਂ, ਤਿਤਰ ਆਦਿ ਮਾਰ ਮਾਰ ਤੇ ਰਿੰਨ੍ਹ ਰਿੰਨ੍ਹ ਖਾਣ ਦਾ ਪ੍ਰਮਿਟ ਮਿਲਿਆ ਹੋਇਆ ਹੈ ?

### ਸ੍ਰੀ ਗੁਰੂ ਅੰਗਦ ਦੇਵ ਜੀ
### ਸ਼ੀਹਾਂ ਉਪਲ ਦੀ ਸਾਖੀ—

ਸ਼ੀਹਾਂ ਉਪਲ ਸਤਿਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਅਨਿਨ ਸਿਖ ਸੀ। ਸਤਿਗੁਰੂ ਜੀ ਇਕ ਦਿਨ ਨਿਵਾਸ-ਅਸਥਾਨ ਤੋਂ ਬਾਹਰ ਨਿਕਲੇ ਤਾਂ ਰਾਹ ਵਿਚ ਉਹਨਾਂ ਨੂੰ ਸ਼ੀਹਾਂ ਉਪਲ ਮਿਲ ਗਿਆ। ਉਹ ੧੦੦ ਬਕਰੇ ਲਈ ਜਾ ਰਿਹਾ ਸੀ :—

ਸਹਜ ਸੁਭਾਵਕ ਆਵਤ ਚਲੇ।
ਮਗ ਮਹਿ ਸ਼ੀਹਾਂ ਉਪਲ ਮਿਲੇ।
ਦੇਖਤਿ ਹੀ ਪਗ ਬੰਦਨ ਕਰੀ।
ਭਯੋ ਨਮ੍ਰ ਉਰ ਸ਼ਰਧਾ ਧਰੀ।
ਇਕ ਸੌ ਛਾਂਗ (ਬਕਰੇ) ਸੰਗ ਤਿਹ ਅਹੇ।
ਤਿਨ ਕੋ ਪਿਖ ਗੁਰੂ ਬਚ ਕਹੇ।
ਭੋ ਸ਼ੀਹਾਂ ਇਹ ਕਿਤ ਤੇ ਲਿਆਏ।
ਕਿਉਂ ਕੀਨਸ ਇਨ ਕੋ ਸਮੁਦਾਏ।
ਸੁਨ, ਕਰ ਜੋਰਿ ਕਹਯੋ ਬ੍ਰਿਤੰਤ।
ਹੇ, ਸਤਿਗੁਰ ਜੀ ਭਗਵੰਤ।
ਮੋਹਿ ਪੁਤਰ ਕੋ ਮੁੰਡਨ ਅਹੈ।
ਬਡ ਉਤਸ਼ਾਹ ਕਰਯੋ ਹਮ ਚਹੈਂ।
ਹਮਰੀ ਕੁਲ ਸਭਿ ਇਕਠੀ ਹੋਇ।
ਬਡੇ ਹਮਾਰਨ ਕੀ ਬਿਧਿ ਸੋਇ।
ਇਸ ਬਿਧ ਕਰਨ ਅਹੈ ਬਿਉਹਾਰ।
ਆਵਹਿ ਆਮਿਖ ਕਰਹਿ ਅਹਾਰ।
ਸਦਾ ਜਠੇਰਨ ਰੀਤ ਹਮਾਰੇ।
ਓ ਦਿਨ ਆਮਿਖ ਦੇਹਿ ਅਹਾਰੇ।
ਖੁਸ਼ੀ ਅਨੇਕ ਪ੍ਰਕਾਰਨ ਹੋਇ।
ਹੋਇ ਮੇਲ ਕੁਲ ਕੇ ਸਭ ਕੋਇ।
ਸੁਨ ਕਰ ਬਿਗਸੇ ਗੁਰੂ ਕ੍ਰਿਪਾਲ।
ਭਲੋ ਕਰਨ ਹਿਤ ਕਹਿ ਤਿਸ ਕਾਲ।
ਇਤਨੇ ਜੀਵਨ ਹਿੰਸਾ ਕਰੈਂ।
ਪਾਪ ਬਿਲਾਸ ਆਪਨ ਸਿਰ ਧਰੈਂ।
ਅਬ ਤੋਂ ਸੁਗਮ ਜਾਨੀਐ ਕਰਬੋ।
ਅੰਤ ਮਹਾਂ ਦੁਖ ਨਰਕਨ ਪਰਬੋ।
ਦੇਹਿ ਸ਼ਾਸਨਾ ਜਮ ਕੇ ਦੂਤ।
ਤਹਾਂ ਨ ਪਹੁੰਚੈ ਬੰਧਪ ਪੂਤ।
ਜਿਨ ਹਿਤ ਪਾਪ ਕਰਮ ਕਮਾਏ।
ਤਹਾਂ ਨ ਰੰਚਕ ਹੋਤ ਸਹਾਏ।
ਸੁਖ ਭੋਗਹਿਗੇ ਸਗਲੇ ਲੋਕ।
ਅਪਦਾ ਪਰੈ ਤੋਹਿ ਬਡ ਸੋਕ।



www.AKJ.Org

ਧਰਮ ਰਾਇ ਜਬ ਕਰ ਹੈ ਲੇਖਾ।
ਲਹੈਂ ਮਹਾ ਦੁਖ ਰਹੈ ਨ ਸੇਖਾ।
ਸੁਣ ਸ਼ੀਹੇਂ ਭੈ ਧਾਰ ਬਡੇਰੇ।
ਕਹਯੋ ਕਰੋਂ, ਜਸ ਆਯਸ ਤੇਰੇ।
ਸ੍ਰੀ ਗੁਰ ਕਹਾ, ਕਰੋ ਉਪਚਾਰ।
ਜਿਸ ਤੇ ਹੋਇ ਨ ਜੀਵ ਸੰਘਾਰ।

ਸ਼ੀਹੇਂ ਨੇ ਬੇਨਤੀ ਕੀਤੀ :—

ਨੀਕੀ ਬਾਤ ਆਪ ਮੁਝ ਕਹੋ।
ਬਚ ਜਿਮ ਰਹੋਂ ਸੁ ਮੈ ਭੀ ਚਹੋਂ।
ਹੋਇ ਨ ਪਾਪ ਨਰਕ ਨ ਪਰਊਂ।
ਜੀਵ ਘਾਤ ਤੇ ਚਿਤ ਮੇ ਡਰਊਂ।
— — —
ਜਿਮ ਇਹ ਜੀਵ ਘਾਤ ਨ ਹੋਵੈ।
ਨਾਹੀ ਜਠੇਰਨ ਕੋ ਦੁਖ ਜੋਵੈ।
ਅਸ ਉਪਾਇ ਅਬ ਆਪ ਅਲਾਵੋ।
ਅਪਨੋ ਸੇਵਕ ਜਾਨ ਬਤਾਵੋ।

ਸਤਿਗੁਰੂ ਜੀ ਨੇ ਬਚਨ ਕੀਤਾ—ਸਾਰੇ ਜੀਵਾਂ ਨੂੰ ਛਡ ਦਿਓ। ਇਹਨਾਂ ਦੀ ਹਤਿਆ ਦਾ ਪਾਪ ਆਪਣੇ ਸਿਰ ਨਾ ਲਵੋ ਅਤੇ ਸਭ ਬਿਰਾਦਰੀ ਨੂੰ ਪਵਿਤ੍ਰ ਤੇ ਸਾਤਵਿਕ ਭੋਜਨ ਦਿਓ। ਮਾਸ ਦਾ ਭੋਜਨ ਨ ਛਕਾਓ। ਪਵਿਤ੍ਰ ਸੰਸਕਾਰਾਂ ਉਤੇ ਭੋਜਨ ਵੀ ਪਵਿਤ੍ਰ ਹੀ ਹੋਣਾ ਚਾਹੀਦਾ ਹੈ।

ਸ਼ੀਹੇਂ ਨੇ ਘਰ ਜਾ ਕੇ ਸਤਿਗੁਰ ਜੀ ਦਾ ਉਪਦੇਸ਼ ਸੁਣਾਇਆ, ਅਤੇ :—

ਪਹਿਤ ਭਾਤ ਕੋ ਦੀਨ ਅਹਾਰਾ।
ਰੁਚ ਕਰ ਖਾਏਂ ਸਰਬ ਪਰਵਾਰਾ।
ਸਿਖ ਸੰਗਤ ਸਭਹੂਨ ਅਚਾਵਾ।
ਬਿਘਨ ਕਛੂ ਨਹਿ ਹੋਵਨ ਪਾਵਾ।
(ਸੂਰਜ ਪ੍ਰਕਾਸ਼ ਰਾਸ ੧, ਧਿ: ੨੬)

ਸਭ ਨੇ ਹੀ ਚਾਵਲ ਆਦਿ ਨਿਰਾਮਸ਼ ਭੋਜਨ ਛਕਿਆ ਤੇ ਇਸ ਤਰ੍ਹਾਂ ਸੰਤ-ਰੀਤੀ ਨਾਲ ਬਚੇ ਦੇ ਸ਼ਗਨ ਦੀ ਖੁਸ਼ੀ ਹੋਈ।

ਤਾਰੀਖ਼ ਗੁਰੂ ਖਾਲਸਾ ਵਾਲਾ ਵੀ ਇਸ ਸਾਖੀ ਨੂੰ ਇਨ ਬਿਨ ਇਸੇ ਤਰ੍ਹਾਂ ਹੀ ਲਿਖਦਾ ਹੈ। ਉਸ ਦੇ ਲਿਖ ਸ਼ਬਦ ਇਸ ਪ੍ਰਕਾਰ ਹਨ :—

ਗੁਰੂ ਜੀ ਨੇ ਆਖਿਆ, ਕਿਸੇ ਦਾ ਬੁਰਾ ਕਰ ਕੇ ਅਪਣਾ ਭਲਾ ਮੰਗਣਾ ਭਾਰੀ ਪਾਪ ਹੈ। ਇਸ ਦਾ ਲੇਖਾ ਦੇਣਾ ਪਵੇਗਾ। ਯਥਾ ਮਹਾਰਾਜ ਜੀ ਦਾ ਵਾਕ :—

ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥
(ਪੰਨਾ ੯੫੩)

ਤਾਂ ਤੇ ਮਾਸ ਨਾਹ ਵੰਡੋ, ਅਰਦਾਸ ਕਰੋ ਅਤੇ ਕੜਾਹ ਪ੍ਰਸ਼ਾਦ ਵੰਡੋ ਤੇ ਸਿਖਾਂ, ਸਾਧਾਂ ਗਰੀਬਾਂ ਨੂੰ ਛਕਾਉ। ਸ਼ਬਦ ਕੀਰਤਨ ਦਾ ਉਚਾਰ ਕਰੋ। ਸਭ ਕਾਰਜ ਰਾਸ ਹੋਵੇਗਾ। (ਤਾਰੀਖ ਗੁਰੂ ਖਾਲਸਾ ਪੰਨਾ ੩੦੬)

ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ (ਟਕਸਾਲ ਭਾ: ਮਨੀ ਸਿੰਘ ਜੀ) ਸੰਪ੍ਰਦਾਈ, ਸ੍ਰੀ ਆਸਾ ਜੀ ਦੀ ਵਾਰ ਸਟੀਕ ਵਿਚ ਲਿਖਦੇ ਹਨ :—

ਸਾਧ ਸੰਗਤ ਜੀਓ! ਬਕਰਿਆਂ ਦੇ ਗਲ ਨੂੰ ਕੁਹ ਕਰ ਕੇ ਜਿਹੜਾ ਮਾਸ ਦਾ ਖਾਣਾ ਹੈ ਇਹ ਬਿਲਕੁਲ ਚੰਗਾ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਂਦੇ ਹਨ :—

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ।
ਜੋ ਰਤੁ ਪੀਵਹਿ ਮਾਣਸਾ,
ਤਿਨ ਕਿਉ ਨਿਰਮਲੁ ਚੀਤੁ?
(ਵਾਰ ਮਾਝ ਸਲੋਕ ਮ: ੧, ਪੰਨਾ ੧੪੦)

ਜਦ ਸ੍ਰੀ ਗੁਰੂ ਅੰਗਦ ਦੇਵ ਜੀ ਗੋਇੰਦਵਾਲ ਚਲੇ ਤਾਂ ਰਸਤੇ ਵਿਚ ਸੁਤੇ ਸਿਧ ਸ਼ੀਹਾਂ ਉਪਲ ਮਿਲਿਆ, ਜੋ ਅਪਣੇ ਨਾਲ ਸੌ ਬਕਰੇ ਲਈ ਜਾ ਰਿਹਾ ਸੀ। ਸਾਖੀ ਸਾਰੀ ਸੂਰਜ ਪ੍ਰਕਾਸ਼ ਅਨੁਸਾਰ ਹੀ ਹੈ।

ਭਾ: ਸਾਹਿਬ ਡਾ: ਵੀਰ ਸਿੰਘ ਜੀ ਇਸ ਸਾਖੀ ਨੂੰ ਇਹਨਾਂ ਸ਼ਬਦਾਂ ਵਿਚ ਵਰਨਨ ਕਰਦੇ ਹਨ :—

"ਇਕ ਸਮੇਂ ਉਸ ਦੇ ਘਰ ਪੁਤਰ ਹੋਇਆ। ਬਿਰਾਦਰੀ ਦੀ ਰਸਮ ਮੂਜਬ ਉਸ ਨੇ ਸਮਾਗਮ ਰਚਣਾ ਸੀ। ਉਸ ਸਮੇਂ ਬਕਰਿਆਂ ਦੇ ਮਾਸ ਤੇ ਬਿਰਾਦਰੀ ਦੇ ਸਮਾਗਮ ਹੋਣੇ ਸਨ। ਉਸ ਦੀ ਤ੍ਰੀਮਤ ਨੇ ਸਾਰੀ ਤਿਆਰੀ ਕਰ ਲਈ, ਪਰ ਸ਼ੀਹੇਂ ਨੇ ਗੁਰੂ ਰਜ਼ਾ ਰਹਿਬਰ ਰਖੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਹੁਕਮ ਕੀਤਾ ਸੀ ਕਿ ਇਹ ਪਲਾਲ ਕਰਨੇ ਤੇ ਬਕਰੇ ਮਾਰਨੇ ਛਡ ਕੇ ਬਚੇ ਨੂੰ ਸਾਡੇ ਪਾਸ ਲੈ ਆਉ। ਅਸੀਂ ਉਸ ਨੂੰ ਸਿਖ ਬਣਾਵਾਂਗੇ। ਸ਼ੀਹੇਂ ਨੇ ਸਾਰੇ ਪਲਾਲ ਛੋੜ ਦਿਤੇ ਤੇ ਪੁਤਰ ਨੂੰ ਗੁਰੂ ਕੇ ਦੁਆਰੇ ਖਡੂਰ ਲਿਜਾ ਕੇ ਗੁਰੂ ਕਾ ਸਿਖ ਬਣਾਇਆ।


www.AKJ.Org

ਇਹ ਦੂਜੀ ਵੇਰ ਲੋਕ ਲਾਜ ਦਾ ਸਮਾ ਆਇਆ ਸੀ ਜਿਸਨੂੰ ਸ਼ੀਹਾਂ ਜੀ ਜਿਤ ਗਏ ਤੇ ਆਪਣੀ ਸਿਖਾਂ ਦੀ ਰਹੁ ਰੀਤੀ ਵਿਚ ਟੁਰੇ। (ਅਸ਼ਟ ਗੁਰ ਚਮਤਕਾਰ, ਪੰਨਾ ੧੨੯)

ਉਪ੍ਰੋਕਤ ਚੋਹਾਂ ਇਤਿਹਾਸਕਾਰਾਂ ਅਨੁਸਾਰ ਸਤਿਗੁਰੂ ਜੀ ਨੇ ਸ਼ੀਹੇਂ ਨੂੰ ਬਕਰੇ ਮਾਰਨ ਅਤੇ ਮਾਸ ਦੀ ਰੋਟੀ ਖਵਾਉਣ ਤੋਂ ਰੋਕਿਆ। ਭਾ: ਸਾਹਿਬ ਡਾ: ਵੀਰ ਸਿੰਘ ਜੀ ਦੀ ਲਿਖਤ ਅਨੁਸਾਰ ਕਿ :—

"ਸ਼ੀਹਾਂ ਜੀ ਜਿਤ ਗਏ ਤੇ ਸਿਖੀ ਦੀ ਰਹੁ ਰੀਤੀ ਵਿਚ ਟੁਰੇ" ਤੋਂ ਸਪੱਸ਼ਟ ਹੈ ਕਿ ਜੀਵਾਂ ਨੂੰ ਨਾਹ ਮਾਰਨਾ ਤੇ ਮਾਸ ਆਦਿ ਨਾਹ ਖਾਣਾ-ਖੁਆਣਾ ਹੀ ਸਿਖੀ ਦੀ ਰਹੁ-ਰੀਤੀ ਹੈ, ਜਿਸ ਉਤੇ ਸ਼ੀਹਾਂ ਜੀ ਟੁਰੇ ਸਨ।

ਭਾ: ਸਾਹਿਬ ਡਾ: ਵੀਰ ਸਿੰਘ ਜੀ ਇਸ ਸੰਬੰਧੀ ਲਿਖਦੇ ਹਨ :— "ਸਤਿਗੁਰੂ ਜੀ ਨੇ ਇਥੇ ਬਕਰੇ ਮਾਰਨੋਂ ਵਰਜਿਆ ਹੈ,ਭਾਵ ਇਹ ਸਹੀ ਹੁੰਦਾ ਹੈ ਕਿ ਆਪ ਜੀ ਧਾਰਮਿਕ ਰਸਮ ਮਰਯਾਦਾ ਦਾ ਸੰਬੰਧ ਮਾਸ ਨਾਲ ਨਹੀਂ ਪਾਉਣਾ ਚਾਹੁੰਦੇ ਸੇ।" (ਅਸ਼ਟ ਗੁਰ ਚਮਤਕਾਰ,੨੬੮-੬੯)

ਅਤੇ ਉਪਰ ਲਿਖੇ ਵਿਚਾਰ ਕਿ "ਪਵਿਤ੍ਰ ਸੰਸਕਾਰਾਂ ਤੇ ਭੋਜਨ ਵੀ ਪਵਿਤ੍ਰ ਹੋਣਾ ਚਾਹੀਦਾ ਹੈ" ਦਾ ਭਾਵ ਇਹ ਹੈ ਕਿ ਵਿਆਹ ਸ਼ਾਦੀਆਂ ਉਤੇ, ਜਿਹੜੇ ਕਿ ਸਿਖਾਂ ਦੇ ਪਵਿਤ੍ਰ ਸੰਸਕਾਰ ਮੰਨੇ ਜਾਂਦੇ ਹਨ, ਭੋਜਨ ਵੀ ਪਵਿਤ੍ਰ ਤੇ ਸਾਤਵਿਕ ਹੋਣਾ ਚਾਹੀਦਾ ਹੈ, ਦਾ ਭਾਵ ਹੈ ਕਿ ਮਾਸਾਹਾਰੀ ਭੋਜਨ ਸਾਤਵਿਕ ਤੇ ਪਵਿਤ੍ਰ ਨਹੀਂ ਹੈ ਜਿਸ ਕਰਕੇ ਸਿਖਾਂ ਦੇ ਧਾਰਮਿਕ ਅਤੇ ਹੋਰ ਪਵਿਤ੍ਰ ਸਮਾਜਿਕ ਸਮਾਗਮਾਂ ਸਮੇਂ ਇਹ ਭੋਜਨ ਨਹੀਂ ਹੋਣਾ ਚਾਹੀਦਾ। ਇਹ ਭੋਜਨ ਦੇਣਾ ਸਿਖੀ ਰੀਤ ਦੀ ਵਿਰੋਧਤਾ ਕਰਨਾ ਹੈ।

**ਖਡੂਰ ਦੇ ਖਹਿਰੇ ਜਟ ਚਉਧਰੀ ਦੀ ਸਾਖੀ—**

ਸਤਿਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜੀਵਨ ਦੀ ਇਕ ਘਟਨਾ ਮਹਿਮਾ ਪ੍ਰਕਾਸ਼ ਹੇਠ ਲਿਖੇ ਸ਼ਬਦਾਂ ਵਿਚ ਵਰਨਨ ਕਰਦਾ ਹੈ :—

ਤਿਸ ਗਾਉ ਏਕ ਚਉਧਰੀ ਆਹ।
ਕਛ ਭਗਤ ਧਰਮ ਕੀ ਲੇਸ ਨ ਤਾਹ।
ਮਦ ਪਾਨ ਕਰੇ ਅਰ ਬਕਤਾ ਰਹੈ।
ਮਿਰਗੀ ਰੋਗ ਨਿਤ ਪ੍ਰਤ ਤਿਸ ਦਹੈ।
ਦੋਹਰਾ—ਦਿਵਸ ਏਕ ਪ੍ਰਭ ਪੈ ਗਇਓ,
ਕਹੀ ਬਿਥਾ ਦੁਖ ਸਭ ਜਾਇ।
ਹੇ ਤਪਾ ਦਿਆਲ, ਸਭ ਦੁਖ ਹਰੋ,
ਮਮ ਮ੍ਰਿਗੀ ਦੇਹੁ ਛੁਡਾਇ।
ਚੌਪਈ—ਤਬ ਹਸੇ ਦਿਆਲ, ਕਿਹੁ ਮਦ ਤਿਆਗ।
ਮਿਰਗੀ ਤੁਮਰੀ ਬਾਧੇ ਤਾਗ।
ਜਬ ਤੂੰ ਕਰੇਂ ਬਹੁਰ ਮਦੁ ਪਾਨ।
ਤਬ ਮ੍ਰਿਗੀ ਛੁਟ ਤੁਹਿ ਲਗੇ ਨਿਦਾਨ।
ਤਬ ਮਦ ਪਾਨ ਤਿਆਗ ਤਿਨ ਕੀਆ।
ਮ੍ਰਿਗੀ ਰੋਗ ਛੁਟਕ ਤਬ ਗਇਆ।
ਬਹੁਤ ਕਾਲ ਤਾ ਕੋ ਸੁਖ ਬੀਤਾ।
ਪੁਨਿ ਤਾ ਕੇ ਮਨ ਭਈ ਅਨੀਤਾ।
ਦਿਵਸ ਏਕ ਘਟਾ ਸਿਆਮ ਸੁਹਾਇ।
ਪੁਨ ਮਦਰਾ ਤਿਨ ਲੀਓ ਮੰਗਾਇ।
ਪੀਓ ਮਤਵਾਰਾ ਚੜਿਓ ਅਟਾਰੀ।
ਮਦ ਪੀਓ ਤਪਾ! ਹਮ ਕਹਿਓ ਪੁਕਾਰੀ।
ਸੁਨ ਹਸੇ ਦਿਆਲ ਕਹਿਓ ਬਚਨ ਬਿਲਾਸ।
ਅਬ ਮ੍ਰਿਗੀ ਛੁਟ ਆਈ ਤੁਮ ਪਾਸ।
ਲਗਤ ਮ੍ਰਿਗੀ ਤਹਾਂ ਤੇ ਵੈ ਗਿਰਿਓ।
ਪਰਿਓ ਭੂਮ ਸੀਸ ਫੂਟ ਮਰਿਓ।
(ਸਾਖੀ ੭੩, ਪੰਨਾ ੩੯)

ਪੰਥ ਪ੍ਰਕਾਸ਼ ਇਸ ਸਾਖੀ ਨੂੰ ਇਸ ਤਰ੍ਹਾਂ ਲਿਖਦਾ ਹੈ :—

ਥਾਂ ਖਡੂਰ ਇਕ ਚੋਧਰੀ, ਮ੍ਰਿਗੀ ਊਠਤ ਜਾਹਿ।
ਗੁਰੂ ਅੰਗਦ ਕੇ ਬਚਨ ਤੇ,ਰੋਗ ਮਿਟਿਓ ਸਭ ਤਾਹਿ।
ਕਈ ਸਾਲ ਗੁਰ ਬਚਨ ਤੇ ਮ੍ਰਿਗੀ ਨਹਿ ਆਈ।
ਮਦਰਾ ਪੀ ਚੜ੍ਹ ਛਤ ਪੁਨ ਬਕਿਓ ਇਦਾਂਹੀ:
ਭੋ ਅੰਗਦ! ਮੈ ਮਦੁ ਪੀਓ, ਮ੍ਰਿਗੀ ਕਿਆ ਕਰ ਹੈ।
ਬਾਤ ਰਹੀ ਇਹ ਮੁਖ ਵਿਖੈ,ਗਿਰ ਕੇ ਗਇਓ ਮਰ ਹੈ।
(ਪੰਥ ਪ੍ਰਕਾਸ਼, ਪੰਨਾ ੮੧)

ਤਾਰੀਖ ਗੁਰੂ ਖਾਲਸਾ ਦੀ, ਇਸ ਸਾਖੀ ਬਾਰੇ ਲਿਖੀ ਤੁਕ ਇਸ ਪ੍ਰਕਾਰ ਹੈ :—

ਗੁਰੂ ਘਰ ਵਿਚ ਹਰ ਪ੍ਰਾਣੀ ਨੂੰ ਪਹਿਲਾ ਉਪਦੇਸ਼ ਹੈ, ਸਿਮਰਨ ਕਰੇ, ਕਿਉਂਕਿ ਗੁਰਮਤਿ ਅਨੁਸਾਰ "ਸਰਬ ਰੋਗ ਕਉ ਅਉਖਧ ਨਾਮੁ" ਹੈ ਤੇ ਨਾਮ ਸਿਮਰਨ ਲਈ ਪਹਿਲਾਂ ਅਹਾਰ ਪਵਿਤ੍ਰ ਹੋਣਾ ਚਾਹੀਦਾ ਹੈ। ਤੇ ਅਹਾਰ ਵਿਚ ਮਾਸ ਤੇ ਸ਼ਰਾਬ ਦੋਵੇਂ ਹੀ ਵਿਕਾਰੀ ਵਸਤੂਆਂ ਹਨ, ਜੋ ਕਿ ਗੁਰ ਸਿਖ ਲਈ ਸਖ਼ਤ ਵਰਜਤ ਹਨ।

(ਤਾਰੀਖ ਗੁਰੂ ਖਾਲਸਾ, ਪੰਨਾ ੨੯੯-੩੦੦)


www.AKJ.Org

# ਸਿਖ ਧਰਮ ਵਿਚ ਇਸਤ੍ਰੀ ਜਾਤੀ ਦੀ ਘਾਲਣਾ

[ ਵਲੋਂ — ਬੀਬੀ ਸਤਵੰਤ ਕੌਰ ਜੀ, ੩੩੧੨, ੧੯-ਬੀ, ਚੰਡੀਗੜ੍ਹ.]

ਸਿਖ ਮਾਈਆਂ ਤੇ ਬੀਬੀਆਂ ਨੇ ਸਿਖੀ ਜੀਵਨ ਤੇ ਸਿਦਕ ਵਿਚ ਨਿਮਗਨ ਹੋ ਕੇ ਜੋ ਜੋ ਘਾਲਾਂ ਘਾਲੀਆਂ, ਉਹ ਬੇਮਿਸਾਲ ਹਨ। ਉਨ੍ਹਾਂ ਦਾ ਸੰਖੇਪ ਜਿਹਾ ਵਰਣਨ ਇਸ ਤਰ੍ਹਾਂ ਹੈ।

ਕਲ ਤਾਰਨ ਗੁਰੂ ਨਾਨਕ ਆਇਆ।' ਕਲਜੁਗ ਨੂੰ ਤਾਰਨ ਵਾਸਤੇ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ। ਸਭ ਤੋਂ ਪਹਿਲਾਂ ਉਨ੍ਹਾਂ ਦੀ ਨਿਰੰਕਾਰੀ ਜੋਤ ਨੂੰ ਪਛਾਨਣ ਵਾਲੇ ਉਨ੍ਹਾਂ ਦੀ ਵਡੀ ਭੈਣ, ਬੇਬੇ ਨਾਨਕੀ ਜੀ ਹੀ ਸਨ। ਬੇਬੇ ਜੀ ਆਪਣੇ ਮਾਤਾ ਪਿਤਾ ਨੂੰ ਕਈ ਵਾਰ ਕਿਹਾ ਕਰਦੇ ਸਨ ਕਿ ਮੇਰਾ ਵੀਰ ਕੋਈ ਸਧਾਰਨ ਬਾਲਕ ਨਹੀਂ, ਸਗੋਂ ਇਕ ਅਲੌਕਿਕ ਖੇਡਾਂ ਖੇਡਣ ਵਾਲਾ ਸਾਰੇ ਸੰਸਾਰ ਦਾ ਤਾਰਕ ਹੈ। ਬੇਬੇ ਨਾਨਕੀ ਜੀ ਨੂੰ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਵਿਚੋਂ ਰੱਬੀ ਝਲਕਾਂ ਦੇ ਦੀਦਾਰ ਹੋਏ, ਤਾਂਹੀਏ ਤਾਂ ਉਨ੍ਹਾਂ ਨੇ ਵੀਰ-ਭਾਵਨਾ ਦੀ ਥਾਂ ਸਿਖੀ-ਭਾਵਨੀ ਗ੍ਰਹਿਣ ਕੀਤੀ। ਇਹ ਮਾਣ ਬੇਬੇ ਨਾਨਕੀ ਜੀ ਨੂੰ ਪ੍ਰਾਪਤ ਹੈ ਕਿ ਉਹ ਗੁਰੂ ਨਾਨਕ ਦੇਵ ਜੀ ਦੇ ਪਹਿਲੇ ਸਿਖ ਸਦਵਾਏ।

ਸ੍ਰੀ ਰਾਮ ਚੰਦ ਜੀ ਦੇ ਬਨਬਾਸ ਸਮੇਂ ਮਾਤਾ ਸੀਤਾ ਜੀ ਹੱਠ ਕਰਕੇ ਨਾਲ ਗਏ, ਪਰ ਧੰਨ ਮਾਤਾ ਸੁਲੱਖਣੀ ਜੀ, ਜਿਨ੍ਹਾਂ ਨੇ ਦੋ ਛੋਟੇ ਛੋਟੇ ਪੁਤਰਾਂ ਦੇ ਹੁੰਦਿਆਂ ਹੋਇਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਗਤ-ਜਲੰਦੇ ਦੀ ਸਾਰ ਲੈਣ ਲਈ ਦੇਸ਼ਾਰਟਨ ਅਰੰਭ ਕਰਨ ਸਮੇਂ, ਕੋਈ ਰੋੜਾ ਨਹੀਂ ਅਟਕਾਇਆ। ਉਸ ਮਹਾਨ ਆਤਮਾ ਨੇ ਬਾਰ੍ਹਾਂ ਸਾਲ ਪਤੀ ਦਾ ਵਿਛੋੜਾ ਸਹਿਨ ਕੀਤਾ ਅਤੇ ਨਿਰੰਕਾਰੀ ਪਾਤਸ਼ਾਹ ਜੀ ਦੇ ਮਹਾਨ ਪ੍ਰੋਗਰਾਮ—"ਚੜ੍ਹਿਆ ਸੋਧਣ ਧਰਤਿ ਲੁਕਾਈ" ਤੇ ਘਰ ਘਰ ਜਾ ਕੇ ਦੀਨਾਂ ਦੁਨੀਆਂ ਨੂੰ ਧੀਰਜ ਬੰਨ੍ਹਾਉਣ ਤੇ ਨਾਮ-ਦਾਰੂ ਦੇ ਕੇ ਠੰਢ ਵਰਤਾਉਣ— ਵਿਚ ਵਿਘਨਕਾਰੀ ਨਾ ਬਣੇ।

"ਬਲਵੰਡ, ਖੀਵੀ ਨੇਕ ਜਨ, ਜਿਸੁ ਬਹੁਤੀ ਛਾਉ
ਪਤ੍ਰਾਲੀ ॥ ਲੰਗਰਿ ਦਉਲਤਿ ਵੰਡੀਐ, ਰਸੁ
ਅੰਮ੍ਰਿਤੁ ਖੀਰਿ ਘਿਆਲੀ ॥"

ਗੁਰੂ ਅੰਗਦ ਦੇਵ ਜੀ ਦੇ ਮਹਿਲ, ਮਾਤਾ ਖੀਵੀ ਜੀ ਭਲੇ ਪੁਰਸ਼ ਸਨ ਅਤੇ ਉਨ੍ਹਾਂ ਦੀ ਸੰਗਤ ਵਿਚ ਹਿਰਦੇ ਠੰਢ ਵਰਤਦੀ ਸੀ। ਜਿਥੇ ਸਚੇ ਪਾਤਸ਼ਾਹ ਜੀ ਨੇ ਨਾਮ ਦੇ ਖ਼ਜ਼ਾਨੇ ਖੁਲ੍ਹੇ ਹੱਥੀਂ ਵੰਡੇ ਉਥੇ ਮਾਤਾ ਜੀ ਨੇ ਲੰਗਰ ਵਿਚ ਘਿਓ ਵਾਲੀ ਅੰਮ੍ਰਿਤ-ਖੀਰ ਦੇ ਛਾਂਦੇ ਵਰਤਾਏ। ਮਾਤਾ ਖੀਵੀ ਜੀ ਦੀ ਮਹਿਮਾ ਗੁਰਬਾਣੀ ਅੰਦਰ ਸਤੇ ਬਲਵੰਡ ਦੀ ਵਾਰ ਵਿਚ ਗਾਵੀਂ ਮਿਲਦੀ ਹੈ।

ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰ ਦਾਸ ਜੀ ਗੁਰਿਆਈ ਤੋਂ ਪਹਿਲਾਂ ਇਕੀ ਵਰ੍ਹੇ ਤੀਰਥ-ਯਾਤਰਾ ਕਰਦੇ ਰਹੇ, ਪਰ ਜਦੋਂ ਸੱਚੇ ਸਤਿਗੁਰੂ ਦੀ ਪ੍ਰਾਪਤੀ ਹੋਈ ਤਾਂ ਆਪਣੀ ਨੂੰਹ (ਭਤੀਜੇ ਦੀ ਪਤਨੀ) ਬੀਬੀ ਅਮਰੋ ਜੀ ਰਾਹੀਂ ਹੀ ਹੋਈ। ਬੀਬੀ ਅਮਰੋ ਜੀ ਗੁਰੂ ਅੰਗਦ ਸਾਹਿਬ ਦੀ ਸਪੁੱਤਰੀ ਸੀ। ਬੀਬੀ ਜੀ ਰੋਜ਼ ਅੰਮ੍ਰਿਤ ਵੇਲੇ ਗੁਰਬਾਣੀ ਦਾ ਪਾਠ ਪਿਆਰ ਸਹਿਤ ਕਰਦੇ ਸਨ, ਜਿਸ ਨੂੰ ਸੁਣ ਕੇ ਬਾਬਾ ਅਮਰਦਾਸ ਜੀ ਨੂੰ ਧੂਹ ਪੈਂਦੀ ਸੀ। ਇਕ ਦਿਨ ਪੁਛਿਓ ਨੇ, ਪੁਤਰੀ! ਇਹ ਕਿਸ ਦੀ ਬਾਣੀ ਹੈ ਜਿਸ ਦਾ ਪਾਠ ਕਰਦੀ ਹੈਂ? ਬੀਬੀ ਨੇ ਉਤਰ ਦਿਤਾ, ਇਹ ਨਿਰੰਕਾਰੀ ਬਾਬੇ ਗੁਰੂ ਨਾਨਕ ਦੀ ਬਾਣੀ ਹੈ, ਜਿਨ੍ਹਾਂ ਦੀ ਦੂਸਰੀ ਜੋਤ, ਮੇਰੇ ਪਿਤਾ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਵਿਚ ਬਿਰਾਜ ਰਹੇ ਹਨ ਅਤੇ ਭੁਲੀ ਭਟਕੀ ਲੁਕਾਈ ਨੂੰ ਸੱਚ ਦਾ ਰਾਹ ਦਿਖਾ ਰਹੇ ਹਨ। ਆਪ ਜੀ ਨੂੰ ਬਾਣੀ ਦੇ ਅਜਿਹੇ ਕਸਵੇਂ ਬਾਣ ਵਜ ਚੁਕੇ ਸਨ ਕਿ ਬੀਬੀ ਜੀ ਨੂੰ ਨਾਲ ਲੈ ਕੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਦੀ ਚਰਨੀ ਆ ਲਗੇ ਤੇ ਫਿਰ ਕਦੇ ਨਾ ਵਿਛੜੇ।

"ਜਨਨੀ ਜਨੈ ਤਾ ਭਗਤ ਜਨ, ਕੈ ਦਾਤਾ ਕੈ ਸੂਰ" ਭਗਤ ਤੁਲਸੀ ਦਾਸ ਜੀ ਦੇ ਇਹ ਬਚਨ, ਗੁਰੂ ਅਮਰ ਦਾਸ ਜੀ ਦੀ ਸਪੁੱਤਰੀ ਬੀਬੀ ਭਾਨੀ ਜੀ ਤੇ ਇਨ-ਬਿਨ ਢੁਕਦੇ ਹਨ। ਬੀਬੀ ਜੀ ਨੇ ਗੁਰੂ ਘਰ ਦੀ ਅਤੁੱਟ ਸੇਵਾ ਕੀਤੀ ਅਤੇ ਸੋਢੀ ਕੁਲ ਦੇ ਜਨਮ-ਦਾਤਾ ਸਦਵਾਏ। ਇਸ ਕੁਲ ਵਿਚ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਤੇਰਾ ਭਾਣਾ ਮੀਠਾ ਲਾਗੈ" ਦੇ ਮੁਜੱਸਮ ਸਰੂਪ ਅਤੇ 'ਤਿਲਕ ਜੰਞੂ' ਦੇ ਰਾਖੇ ਸ੍ਰੀ ਗੁਰੂ ਤੇਗ ਬਹਾਦਰ



www.AKJ.Org

ਸਾਹਿਬ ਆਪਣਾ ਬਲੀਦਾਨ ਦੇਣ ਵਾਲੇ ਪਰਉਪਕਾਰੀ ਹੋਏ। ਬੀਬੀ ਭਾਨੀ ਜੀ ਦੀ ਸੁਲੱਖਣੀ ਕੁਲ ਵਿਚ ਵਡ ਜੋਧੇ ਪਰਉਪਕਾਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਅਤੇ ਮਰਦ ਅਗੰਮੜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਗਟ ਹੋਏ।

ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਮਹਿਲ ਮਾਤਾ ਗੁਜਰੀ ਜੀ ਧੰਨ ਹਨ ਜੋ ਬਾਈ ਸਾਲ ਬਾਬੇ ਬਕਾਲੇ ਸਾਹਿਬ ਉਸ ਭੋਰੇ ਦੇ ਬੂਹੇ ਤੇ ਬੈਠ ਕੇ ਪਹਿਰਾ ਦਿੰਦੇ ਰਹੇ ਜਿਸ ਦੇ ਅੰਦਰ ਮਹਾਨ ਤਪੀਸ਼ਰ ਸਤਿਗੁਰੂ, ਗੁਰੂ ਤੇਗ ਬਹਾਦਰ ਜੀ ਅਖੰਡ ਲਿਵ-ਸਮਾਧੀ ਵਿਚ ਮਗਨ ਰਹਿੰਦੇ ਰਹੇ। ਸਤਿਗੁਰੂ ਜੀ ਭੋਰੇ ਅੰਦਰ ਤਪੱਸਿਆ ਕਰਦੇ ਸਨ ਤੇ ਮਾਤਾ ਗੁਜਰੀ ਜੀ ਭੋਰੇ ਦੇ ਬੂਹੇ ਉਤੇ ਆਸਣ ਜਮਾਈ ਘੋਰ ਤਪ ਸਾਧ ਰਹੇ ਸਨ, ਜਿਸ ਦਾ ਫਲ-ਸਰੂਪ 'ਵਹਿ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਅਕੇਲਾ' ਗੁਰੂ ਗੋਬਿੰਦ ਸਿੰਘ ਜੀ ਪਰਗਟ ਹੋਏ।

ਮਾਤਾ ਗੁਜਰੀ ਜੀ ਦੀ ਅਡੋਲਤਾ ਤੇ ਦ੍ਰਿੜ੍ਹਤਾ ਦੀ ਪ੍ਰੀਖਿਆ ਦਾ ਪਹਿਲਾ ਸਮਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਅਦੁੱਤੀ ਸ਼ਹੀਦੀ ਦਾ ਸੀ ਅਤੇ ਦੂਸਰਾ ਘੋਰ ਭਿਅੰਕਰ ਸਮਾਂ ਛੋਟੇ ਸਾਹਿਬਜ਼ਾਦਿਆਂ ਸਮੇਤ ਸਰਹੰਦ ਵਿਚ ਫੜੇ ਜਾਣਾ, ਠੰਢੇ ਬੁਰਜ ਵਿਚ ਬੰਦ ਰਹਿਣਾ ਅਤੇ ਜ਼ਾਲਮ-ਕਚਹਿਰੀ ਵਿਚ ਜਾਂਦਿਆਂ ਸਾਹਿਬਜ਼ਾਦਿਆਂ ਨੂੰ ਸਿਖੀ ਵਿਚ ਪਰਪੱਕ ਤੇ ਅਡੋਲ ਰਹਿਣ ਦੀ ਗੁੜ੍ਹਤੀ ਦੇ ਕੇ ਨਿਰਭੈ ਕਰਨਾ ਸੀ।

ਇਸੇ ਤਰ੍ਹਾਂ ਮਾਤਾ ਸਾਹਿਬ ਕੌਰ ਜੀ ਨੂੰ ਖਾਲਸੇ ਦੀ ਮਾਤਾ ਹੋਣ ਦਾ ਮਾਣ ਪ੍ਰਾਪਤ ਹੋਇਆ। ਆਪ ਨੇ ਦਸਮੇਸ਼ ਪਿਤਾ ਜੀ ਦੇ ਖੰਡੇ ਦਾ ਅੰਮ੍ਰਿਤ ਤਿਆਰ ਕਰਨ ਸਮੇਂ ਬਾਟੇ ਦੇ ਅੰਮ੍ਰਿਤ-ਜਲ ਵਿਚ ਮਿਠਾਸ ਵਰਤਾਉਣ ਲਈ ਪਤਾਸੇ ਪਾ ਕੇ ਆਪਣਾ ਹਿੱਸਾ ਪਾਇਆ। ਸੋ ਇਸ ਤਰ੍ਹਾਂ ਭਗਤੀ ਤੇ ਸ਼ਕਤੀ ਦੇ ਸੁਮੇਲ ਵਿਚ ਮਿੱਠਾ ਪਾ ਕੇ ਭਰੱਪਣ ਦਾ ਗੁਣ ਪੈਦਾ ਕਰ ਦਿਤਾ।

ਬੇਦਾਅਵਾ ਲਿਖ ਕੇ ਘਰੋ ਘਰੀ ਪਰਤ ਜਾਣ ਵਾਲੇ ਸਿੰਘਾਂ ਨੂੰ ਘਰੀਂ ਮਾਵਾਂ ਭੈਣਾਂ ਨੇ ਮੂੰਹ ਨਹੀਂ ਲਾਇਆ, ਸਗੋਂ ਮਾਈ ਭਾਗੋ ਜੀ ਦੇ ਵੰਗਾਰਨ ਤੇ ਉਹ ਫਿਰ ਹੌਸਲਾ ਧਾਰ ਆਏ ਅਤੇ ਮਾਤਾ ਭਾਗੋ ਜੀ ਦੇ ਸੰਗ-ਸਾਥ, ਉਨ੍ਹਾਂ ਦੀ ਜੱਥੇਦਾਰੀ ਹੇਠ ਖਿਦਰਾਣੇ ਦੀ ਢਾਬ ਤੇ ਪੁਜ ਕੇ, ਸਤਿਗੁਰਾਂ ਦਾ ਪਿਛਾ ਕਰਦੇ ਜ਼ਾਲਮ ਮੁਗਲਾਂ ਨਾਲ ਉਹ ਲੋਹਾ ਲਿਆ ਤੇ ਘਮਸਾਣ ਦਾ ਜੰਗ ਕੀਤਾ ਕਿ ਸਾਰੇ ਹੀ ਸਿੰਘ ਅਨੇਕਾਂ ਹੀ ਮੁਗਲਾਂ ਦੇ ਆਹੂ ਲਾਹ ਕੇ ਸਹੀਦੀਆਂ ਪ੍ਰਾਪਤ ਕਰ ਗਏ। ਸਤਿਗੁਰੂ ਜੀ ਉਥੋਂ ਪੁਜੇ ਅਤੇ ਉਨ੍ਹਾਂ ਦੀਆਂ ਅਦੁਤੀ ਕੁਰਬਾਨੀਆਂ ਵੇਖ ਵੇਖ ਸ਼ਹੀਦਾਂ ਨੂੰ ਪੰਜ-ਹਜ਼ਾਰੀ ਤੇ ਦਸ-ਹਜ਼ਾਰੀ ਵਰ ਦਿੰਦੇ ਭਾਈ ਮਹਾਂ ਸਿੰਘ ਜੀ ਪਾਸ ਪੁਜੇ, ਜਿਨ੍ਹਾਂ ਦੇ ਕੁਝ ਸੁਆਸ ਅਜੇ ਬਾਕੀ ਸਨ। ਪਾਤਸ਼ਾਹ ਨੇ ਕਿਹਾ, "ਮਹਾਂ ਸਿੰਘ, ਮੰਗ ਕੀ ਮੰਗਦਾ ਹੈਂ ?" ਮਹਾਂ ਸਿੰਘ ਦੇ ਨੇਤਰਾਂ ਵਿਚ ਜਲ ਭਰ ਆਇਆ ਤੇ ਬੇਨਤੀ ਕੀਤੀ, "ਪਾਤਸਾਹ, ਜੇ ਤਰੁੱਠੇ ਹੋ ਤਾਂ ਉਹ ਬੇਦਾਅਵਾ ਪਾੜ ਦਿਓ।" ਸਤਿਗੁਰਾਂ ਦਾ ਮਹਾਨ ਕੀਮਤੀ ਸਮਾਨ, ਅਮੋਲਕ ਰਚਨਾ ਦੇ ਗ੍ਰੰਥ ਅਤੇ ਬੇਅੰਤ ਸੰਗੀ-ਸਾਥੀ, ਸਰਸਾ ਦੀ ਭੇਟਾ ਹੋ ਗਏ, ਇਥੋਂ ਤਕ ਕਿ ਮਹਿਲ, ਮਾਤਾ ਅਤੇ ਸਾਹਿਬਜ਼ਾਦੇ ਵੀ ਵਿਛੜ ਗਏ, ਪਰ ਇਹ ਬੇਦਾਅਵੇ ਦਾ ਕਾਗਜ਼ ਆਪ ਜੀ ਨੇ ਕਮਰਕਸੇ ਵਿਚ ਸਾਂਭਿਆ ਹੋਇਆ ਸੀ। ਉਹ ਬੇਦਾਅਵਾ ਭਾਈ ਮਹਾਂ ਸਿੰਘ ਜੀ ਦੇ ਸਾਹਮਣੇ ਕਢਿਆ ਅਤੇ ਟੋਟੇ ਟੋਟੇ ਕਰ ਕੇ ਫਾੜ ਦਿਤਾ ਅਤੇ ਇਨ੍ਹਾਂ ਚਾਲੀ ਸਹੀਦਾਂ ਨੂੰ ਮੁਕਤਿਆਂ ਦਾ ਖਿਤਾਬ ਦਿਤਾ। ਪਰ ਇਹ ਸਭ ਮਾਤਾ ਭਾਗ ਕੌਰ ਦੀ ਹਿੰਮਤ ਤੇ ਦਲੇਰੀ ਦਾ ਸਦਕਾ ਹੀ ਸੀ।

ਮੀਰ ਮੰਨੂੰ ਦੀ ਕੈਦ ਵਿਚ ਅਨੇਕਾਂ ਮਾਈਆਂ ਨੇ ਸਵਾ ਸਵਾ ਮਣ ਪੀਹਣੇ ਪੀਠੇ, ਮਾਰਾਂ ਖਾਧੀਆਂ, ਬੱਚਿਆਂ ਨੂੰ ਜ਼ਾਲਮਾਂ ਹਥੋਂ ਕੋਹ-ਕੁਠ ਕੇ ਸ਼ਹੀਦ ਹੁੰਦਿਆਂ ਵੇਖ ਕੇ ਵੀ ਅਡੋਲ ਰਹੀਆਂ, ਬੱਚਿਆਂ ਦੀਆਂ ਆਂਦਰਾਂ ਵਿਚ ਮਾਸ ਦੀਆਂ ਬੋਟੀਆਂ ਪ੍ਰੋਤੀਆਂ ਦੇ ਹਾਰ ਗਲਾਂ ਵਿਚ ਪੁਆ ਕੇ ਵੀ ਸੀਅ ਨਹੀਂ ਕੀਤੀ ਅਤੇ ਸਤਿਗੁਰੂ ਦੀ ਬਖ਼ਸ਼ੀ ਗੁਰਸਿਖੀ ਤੇ ਪਤੀਬ੍ਰਤਾ ਧਰਮ ਕੇਸਾਂ-ਸੁਆਸਾਂ ਨਾਲ ਨਿਭਾਇਆ। ਉਨ੍ਹਾਂ ਦੇ ਕਾਰਨਾਮੇ ਰਹਿੰਦੀ ਦੁਨੀਆ ਤਕ ਅਮਰ ਰਹਿਣਗੇ।

---

## ਅਕਾਲ ਚਲਾਣਾ, ਸ੍ਰੀ ਅਖੰਡ ਪਾਠ ਅਤੇ ਕੀਰਤਨ ਰੈਣ-ਸਬਾਈ

ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਨਿਕਟਵਰਤੀ ਸੇਵਾਦਾਰਾਂ ਵਿਚੋਂ ਇਕ, ਭਾਅ ਪ੍ਰੀਤਮਸਿੰਘ ਜੀ ਬੋਲਾਰੀਏ ੧੬-੧੦-੭੪ ਨੂੰ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦੇ ਨਮਿਤ ੯-੧੧-੭੪ ਨੂੰ ਅਖੰਡ ਪਾਠ ਦੇ ਭੋਗ ਤੇ ਰੈਣ-ਸਬਾਈ ਕੀਰਤਨ ਹੋਣਗੇ। ਸੰਗਤਾਂ ਉਨ੍ਹਾਂ ਦੇ ਪਿੰਡ ਕੋਹਾਲੀ ਜ਼ਿਲਾ ਗੁਰਦਾਸਪੁਰ (ਬਟਾਲਾ ਤੋਂ ਸ੍ਰੀ ਹਰਿ ਗੋਬਿੰਦਪੁਰ ਸੜਕ ਦੇ ਦਸਵੇਂ ਮੀਲ ਤੇ) ਦਰਸ਼ਨ ਦੇ ਕੇ ਅਰਦਾਸ ਵਿਚ ਸ਼ਾਮਲ ਹੋਣ।

ਦਾਸਰੇ—ਅਖੰਡ ਕੀਰਤਨੀ ਜੱਥਾ ਜ਼ਿਲਾ ਗੁਰਦਾਸਪੁਰ

www.AKJ.Org

# ਕੇਸਾਂ ਦੀ ਮਹਾਨਤਾ

[ ਵਲੋਂ — ਸਾਰੰਗ ਜੀ, ਕਪੂਰਥਲਾ ]

ਅਸਾਂ ਕੇਸਾਂ ਦੀ ਮਹਾਨਤਾ ਬਾਰੇ ਕਈ ਵਿਚਾਰ ਸੁਣੇ ਜਾਂ ਪੜ੍ਹੇ ਹਨ। ਪਰ ਇਹ ਵਿਚਾਰ ਆਮ ਤੌਰ ਤੇ ਬੁਧੀ-ਜੀਵੀਆਂ (intelliectuals) ਦੇ ਹੁੰਦੇ ਹਨ। ਸੰਤ ਅਤਰ ਸਿੰਘ ਜੀ ਮਹਾਰਾਜ, ਜੋ ਬਹੁਤ ਹੀ ਉਚੇ ਦਰਜੇ ਦੇ ਮਹਾਂ ਪੁਰਖ ਹੋਏ ਹਨ, ਉਨ੍ਹਾਂ ਦੇ ਇਸ ਵਿਸ਼ੇ ਤੇ ਵਿਚਾਰ ਹੇਠਾਂ ਦਿਤੇ ਜਾਂਦੇ ਹਨ। ਜਿਸ ਤੋਂ ਪਾਠਕ ਆਪ ਹੀ ਅੰਦਾਜ਼ਾ ਲਗਾ ਲੈਣਗੇ ਕਿ ਅਨੁਭਵੀ ਮਹਾਂ ਪੁਰਖ ਦੇ ਵਿਚਾਰ ਕਿਤਨੇ ਜ਼ੋਰਦਾਰ ਤੇ ਅਸਰਦਾਰ ਹੁੰਦੇ ਹਨ।

ਸ੍ਰੀ ਤਰਨ ਤਾਰਨ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਸਮਾਗਮ ਸਮੇਂ ਦੀ ਵਾਰਤਾ ਹੈ। ਅੰਮ੍ਰਿਤ-ਅਭਿਲਾਖੀਆਂ ਦੀਆਂ ਪੇਸ਼ੀਆਂ ਹੋ ਰਹੀਆਂ ਸਨ। ਇਕ ਸਜਨ ਪੇਸ਼ ਹੋਇਆ ਤੇ ਅਰਜ਼ ਕੀਤੀ, "ਮਹਾਰਾਜ ! ਮੈਂ ਕਾਲੇ ਰੋਮਾਂ ਦੀ ਬੇਅਦਬੀ ਕੀਤੀ ਹੈ, ਮੇਰਾ ਮਨ ਸ਼ਾਂਤ ਨਹੀਂ ਰਹਿੰਦਾ।"

ਸੰਤ ਜੀ ਦੇ ਨੇਤਰ ਬੰਦ ਹੋ ਗਏ, ਤੇ ਜਲ ਦੀ ਧਾਰ ਵਹਿ ਟੁਰੀ, ਜਿਵੇਂ ਆਪ ਜੀ ਨੂੰ ਕੋਈ ਭਾਰੀ ਸਟ ਵਜੀ ਹੈ। ਕੋਈ ਪੰਦਰ੍ਹਾਂ ਮਿੰਟ ਇਸੇ ਤਰ੍ਹਾਂ ਗੁਜ਼ਰੇ। ਫਿਰ ਨੇਤਰ ਖੁਲ੍ਹੇ ਤੇ ਥਿੜਕਦੀ ਅਵਾਜ਼ ਨਾਲ ਆਖਿਆ, "ਭਾਈ ਸਿਖਾ, ਕਦੇ ਭਾਈ ਗੁਰਦਾਸ ਦੀ ਬਾਣੀ ਨਹੀਂ ਪੜ੍ਹੀ ?"

"ਰੋਮ ਰੋਮ ਵਿਚ ਰਖਿਓਨ,ਕੋਟ ਬ੍ਰਹਮੰਡ ਦਸੇਅਵਤਾਰਾ।"

ਇਹ ਗੁਰਵਾਕ ਭੀ ਉਚੀ ਅਵਾਜ਼ ਵਿਚ ਪੜ੍ਹਿਆ :–

ਚਉਦਸਿ ਚਉਦਹ ਲੋਕ ਮਝਾਰਿ ॥ ਰੋਮ ਰੋਮ ਮਹਿ ਬਸਹਿ ਮੁਰਾਰਿ ॥ [ਗਉੜੀ ਥਿਤੀ ਕਬੀਰ ਜੀ, ਪੰ: ੩੪੪

"ਭਾਈ ਸਿਖਾ, ਤੂੰ ਰੋਮ ਨਹੀਂ ਕਟਾਏ, ਤੂੰ ਤਾਂ ਸਤਿਗੁਰੂ ਜੀ ਦੇ ਸਰੀਰ ਨੂੰ ਛੇਦਨ ਕੀਤਾ ਹੈ। ਸ਼ਾਂਤੀ ਕਿਵੇਂ ਆ ਸਕਦੀ ਹੈ ? ਹੁਣ ਦ੍ਰਿੜ੍ਹ ਕਰ ਲੈ ਕਿ ਮੁੜ ਸਰੀਰ ਤੋਂ ਰੋਮ ਛੇਦਨ ਨਹੀਂ ਕਰਨੇ। ਸਿਖੀ ਕੇਸਾਂ ਸੁਆਸਾਂ ਸੰਗ ਨਿਭਾਉਣੀ ਹੈ ਤੇ ਕੋਈ ਹੋਰ ਕੁਰਹਿਤ ਨਹੀਂ ਕਰਨੀ। ਜਿਹੜੇ ਪ੍ਰੇਮੀ ਕੁਰਹਿਤਾਂ ਤੋਂ ਉਰੇ ਉਠ ਕੇ ਕਲਗੀ ਵਾਲੇ ਦੇ ਚਰਨਾਂ ਨਾਲ ਪਿਆਰ ਕਰਦੇ ਹਨ ਉਨ੍ਹਾਂ ਅੰਦਰ ਥੋੜੇ ਚਿਰ ਵਿਚ ਹੀ ਸਿਮਰਨ ਦੀ ਰੌ ਚਲ ਪੈਂਦੀ ਹੈ ਤੇ ਉਹ ਸਦਾ ਆਤਮਕ ਅਨੰਦ ਮਾਣਦੇ ਹਨ।"

ਇਹ ਘਟਨਾ ਮੂੰਹੋਂ ਬੋਲਦੀ ਹੈ ਕਿ ਗੁਰੂ ਘਰ ਵਿਚ "ਗੁਰਮੁਖ ਰੋਮ ਰੋਮ ਹਰਿ ਧਿਆਵੈ" ਵਾਲੀ ਅਵਸਥਾ ਪ੍ਰਾਪਤ ਕਰਨ ਲਈ ਕੇਸਾਂ ਦੀ ਕੀ ਮਹਾਨਤਾ ਹੈ। ਜੇ ਰੋਮ ਕਟੇ ਹੋਏ ਹੋਣ ਤਾਂ ਉਥੋਂ ਨਾਮ ਦੀ ਗੁੰਜਾਰ ਕਿਵੇਂ ਸੁਣੀ ਜਾ ਸਕਦੀ ਹੈ ? ਸਿੱਖੀ ਨਾਂ ਹੈ ਸਿਦਕ ਦਾ, ਭਰੋਸੇ ਦਾ, ਭੈ-ਭਾਵਨੀ ਦਾ। ਇਸ ਲਈ ਜੋ ਰੋਮਾਂ ਦੀ ਬੇਅਬਦੀ ਕਰਦੇ ਹਨ, ਉਹ ਅਜੇ ਸਤਿਗੁਰਾਂ ਦੀ ਭੈ-ਭਾਵਨੀ ਵਾਲੇ ਦਾਇਰੇ ਤੋਂ ਬਾਹਰ ਖੜੇ ਹਨ ਤੇ ਬਾਹਰ ਹੀ ਖੜੇ ਰਹਿਣਗੇ।

ਸੋ ਸਿਖੁ ਸਖਾ ਬੰਧਪੁ ਹੈ ਭਾਈ, ਜਿ ਗੁਰ ਕੇ ਭਾਣੈ
ਵਿਚਿ ਆਵੈ ॥ ਆਪਣੈ ਭਾਣੈ ਜੋ ਚਲੈ ਭਾਈ,
ਵਿਛੁੜਿ ਚੋਟਾ ਖਾਵੈ ॥ [ਸੋਰਠ ਮ: ੩, ਪੰ: ੬੦੧-੨

---

# ਗੁਰੂ ਨਾਨਕ ਆਗਮਨ

[ ਵਲੋਂ — ਗਿਆਨੀ ਗੋਪਾਲ ਸਿੰਘ ਜੀ 'ਮਿੱਤਰ', ਮਾਲਬ, ਗੁੜਗਾਉਂ ]

ਛਾਇਆ ਸੀ ਹਨੇਰ ਕੂੜ ਪਾਪ ਦਾ ਸੰਸਾਰ ਉੱਤੇ, ਸ਼ਮਾਦਾਨ ਸਚ ਦਾ ਜਿਸ ਆਣ ਕੇ ਜਗਾਇਆ ਸੀ।
ਦੰਭੀ, ਦੁਰਾਚਾਰੀ, ਪਾਖੰਡ ਦੇ ਪੁਜਾਰੀਆਂ ਨੂੰ, ਚਾਨਣ ਵਿਖਾ ਕੇ ਜਿਸ ਸਿੱਧੇ ਰਾਹ ਪਾਇਆ ਸੀ।
ਪਲਟ ਦਿਤੀ ਕਾਇਆ ਕੌਡੇ ਜਿਹੇ ਪਾਪੀ-ਪਾਮਰਾਂ ਦੀ, ਨਾਮ-ਛਟਾ ਦੇਕੇ ਮੋਈਆਂ ਸੁਰਤਾਂ ਨੂੰ ਜਿਵਾਇਆ ਸੀ।
ਸਜਣ ਸੁਧਾਰੇ ਕਈ ਠਗਾਂ ਤੋਂ ਬਣਾਏ ਸੰਤ, ਘਰ ਘਰ ਜਾ ਕੇ ਝੰਡਾ ਧਰਮ ਦਾ ਝੁਲਾਇਆ ਸੀ।
ਝੁਕ ਗਏ ਤੇਜ ਤੇ ਜਲਾਲ ਦੇਖ ਤੇਜਵੰਸੀ, 'ਬਾਬਰ' ਜਹੇ ਜਾਬਰਾਂ ਨੇ ਸੀਸ ਆ ਨਿਵਾਇਆ ਸੀ।
ਵਲ ਕਢੇ 'ਵਲੀ' ਜਹੇ ਮਾਨੀ ਹੰਕਾਰੀਆਂ ਦੇ, 'ਭੂਮੀਏ' ਤੇ 'ਭਾਗੋ' ਜਿਹਾਂ ਤਾਈਂ ਭਾਗ ਲਾਇਆ ਸੀ।
ਕੀਤੀ ਜਿਹੜੇ ਪਾਸੇ ਇਕ ਨਦਰ, ਨਿਹਾਲ ਕੀਤਾ, ਰੇਠਿਆਂ ਤੇ ਅਕਾਂ ਵਿਚ ਅਮਿਉ ਰਸ ਪਾਇਆ ਸੀ।
ਮਿਠਤ ਦਾ ਸੋਮਾ, ਸਹਿਨ ਸ਼ੀਲਤਾ ਦਾ ਪੁੰਜ 'ਮਿੱਤਰ', ਅਜ ਦੇ ਦਿਹਾੜੇ ਗੁਰੂ ਨਾਨਕ ਜਗ ਆਇਆ ਸੀ।

www.AKJ.Org

# ਦੁਖਭੰਜਨੀ ਦਾ ਅਲੌਕਿਕ ਚਮਤਕਾਰਾ

## ਬਹਾਦਰ ਤੇ ਪਰਉਪਕਾਰੀ ਉਮਰ-ਕੈਦੀ ਦੀ ਸੱਚੀ ਸ਼ਰਧਾ ਨੇ ਦੀਰਘ ਰੋਗ ਕਟ ਦਿਤੇ

ਪਿੰਡ ਸਾਰੋਕੇ ਜ਼ਿਲਾ ਗੁਜਰਾਂਵਾਲਾ ਵਿਖੇ ਭਾਈ ਫ਼ਕੀਰ ਸਿੰਘ ਚੀਮਾ ਜੱਟ ਦੇ ਘਰ ਅਪ੍ਰੈਲ ੧੯੩੩ ਵਿਚ ਇਕ ਭੁਜੰਗੀ ਨੇ ਜਨਮ ਲਿਆ। ਉਸ ਦਾ ਨਾਂ ਮਾਪਿਆਂ ਨੇ ਲਾਭ ਸਿੰਘ ਰਖਿਆ, ਜਿਸ ਦੀ ਅੱਲ ਪਿਛੋਂ ਕਾਲਾ ਸਿੰਘ ਪੈ ਗਈ। ਲਾਭ ਸਿੰਘ ਨੇ ਪਿੰਡ ਦੇ ਗੁਰਦੁਆਰੇ ਵਿਚ ਪੰਜਾਬੀ ਦੀ ਪ੍ਰਾਇਮਰੀ ਪਾਸ ਕੀਤੀ। ਪਾਕਿਸਤਾਨ ਬਣਨ ਤੇ ਇਹ ਪਰਵਾਰ ਪਿੰਡ ਰੇਵਰ ਤਸੀਲ ਨਰਵਾਣਾ (ਹਰਿਆਣਾ) ਵਿਚ ਜਾ ਵਸਿਆ। ਇਨ੍ਹਾਂ ਨੂੰ ੧੯ ਕਿਲੇ ਜ਼ਮੀਨ ਪਿੰਡ ਰੇਵਰ ਵਿਚ ਅਤੇ ਕੁਝ ਜ਼ਮੀਨ ਜ਼ਿਲਾ ਜੀਂਦ ਵਿਚ ਅਲਾਟ ਹੋਈ, ਪਰ ਦਖ਼ਲ ਤੇ ਕਬਜ਼ਾ ਕਿਸੇ ਥਾਂ ਭੀ ਨਾ ਮਿਲਿਆ। ਤੰਗ ਆ ਕੇ ੧੯੪੮ ਵਿਚ ਭਾਈ ਲਾਭ ਸਿੰਘ ਘਰੋਂ ਲਾ-ਪਤਾ ਹੋ ਗਿਆ ਤੇ ਨਜ਼ਾਮ ਹੈਦਰਾਬਾਦ (ਦਖਣ) ਦੀ ਫ਼ੌਜ ਵਿਚ ਜਾ ਭਰਤੀ ਹੋਇਆ।

ਓਦੋਂ ਕਾਸਮ ਰਜ਼ਵੀ ਦੀ ਸ਼ਰਾਰਤ ਦੇ ਕਾਰਨ ਹੈਦਰਾਬਾਦ ਦੀ ਰਿਆਸਤ ਵਿਚ ਹਿੰਦੂ-ਮੁਸਲਿਮ ਫ਼ਸਾਦ ਸ਼ੁਰੂ ਹੋ ਗਏ। ਕਾਸਮ ਰਜ਼ਵੀ ਰਿਆਸਤ ਨੂੰ ਪਾਕਿਸਤਾਨ ਦਾ ਹਿੱਸਾ ਬਣਾਉਣਾ ਚਾਹੁੰਦਾ ਸੀ। ਮੁਸਲਮਾਨ ਗੁੰਡੇ ਉਸ ਦੀ ਸਰਪ੍ਰਸਤੀ ਹੋਣ ਕਰਕੇ ਭੂਤਰੇ ਹੋਏ ਸਨ ਅਤੇ ਹਿੰਦੂਆਂ ਨੂੰ ਕਤਲ ਕਰ ਕੇ ਉਨ੍ਹਾਂ ਦੀਆਂ ਧੀਆਂ ਭੈਣਾਂ ਨੂੰ ਅਗਵਾ ਕਰ ਰਹੇ ਸਨ। ਅਜਿਹੀਆਂ ਘਟਨਾਵਾਂ ਨੂੰ ਸੁਣ ਸੁਣ ਕੇ ਲਾਭ ਸਿੰਘ ਬਿਹਬਲ ਹੋ ਰਿਹਾ ਸੀ।

ਇਕੇਰਾਂ ਉਹ ਮਾਰਵਾੜ ਤੋਂ ਛੋਟੀ ਲਾਈਨ ਤੇ ਗਡੀ ਤੇ ਸਫ਼ਰ ਕਰ ਰਿਹਾ ਸੀ। ਜਾਲਣਾ ਸਟੇਸ਼ਨ ਦੇ ਪਲੇਟ ਫ਼ਾਰਮ ਤੋਂ ਪਾਣੀ ਲੈ ਕੇ ਉਹ ਡੱਬੇ ਵਿਚ ਵਾਪਸ ਆ ਰਿਹਾ ਸੀ ਕਿ ਇਕ ਮੁਸਲਮਾਨ ਗੁੰਡੇ ਨੇ ਛੁਰੇ ਨਾਲ ਹਮਲਾ ਕਰਨ ਦਾ ਜਤਨ ਕੀਤਾ। ਪਰ ਇਸ ਬਹਾਦਰ ਨੇ ਗੁੰਡੇ ਦੇ ਸਿਰ ਤੇ ਗੰਡਾਸਾ ਮਾਰ ਕੇ ਛੁਰਾ ਖੋਹ ਲਿਆ। ਇਸ ਨੇ ਚਲਦੀ ਗਡੀ ਦਾ ਆਖ਼ਰੀ ਡੱਬਾ ਫੜ ਲਿਆ। ਉਸ ਡੱਬੇ ਵਿਚ ਦੋ ਮੁਸਲਮਾਨ ਗੁੰਡੇ ਕਲਾਵੰਤੀ ਨਾਂ ਦੀ ਇਕ ਹਿੰਦੂ ਲੜਕੀ ਨੂੰ ਉਧਾਲੀ ਲਈ ਜਾ ਰਹੇ ਸਨ। ਲਾਭ ਸਿੰਘ 'ਤੇ ਉਨ੍ਹਾਂ ਨੇ ਹਮਲਾ ਕਰ ਦਿਤਾ, ਪਰੰਤੂ ਲਾਭ ਸਿੰਘ ਨੇ ਇਕ ਨੂੰ ਛੁਰੇ ਨਾਲ ਥਾਂ ਰਖਿਆ ਅਤੇ ਦੂਜੇ ਨੂੰ ਪਿਛੋਂ ਕਲਾਵੰਤੀ ਨੇ ਜਫਾ ਮਾਰ ਲਿਆ ਤੇ ਮਰਾਠੀ ਵਿਚ ਕਿਹਾ ਕਿ ਇਸ ਨੂੰ ਭੀ ਚਿਤ ਕਰੋ ਅਤੇ ਉਸ ਨੂੰ ਭੀ ਖ਼ਤਮ ਕਰ ਦਿਤਾ ਗਿਆ। ਦੋਹਾਂ ਗੁੰਡਿਆਂ ਦੀਆਂ ਲਾਸ਼ਾਂ ਗਡਿਓਂ ਹੇਠ ਸੁਟ ਦਿਤੀਆਂ ਗਈਆਂ। ਕਲਾਵੰਤੀ ਨੂੰ ਸ੍ਰੀ ਹਜ਼ੂਰ ਸਾਹਿਬ ਉਸ ਦੇ ਜੀਜੇ ਦੇ ਹਵਾਲੇ ਕਰ ਦਿਤਾ।

ਭਾ: ਲਾਭ ਸਿੰਘ ਨੇ ਗੁਰਦੁਆਰਾ ਨਾਨਕ ਝੀਰਾ ਤੇ ਕਾਬਜ਼ ਮੁਸਲਮਾਨਾਂ ਵਿਚੋਂ ਅਠ ਨੂੰ ਝਟਕਾ ਦਿਤਾ ਅਤੇ ਗੁਰਦੁਆਰਾ ਅਜ਼ਾਦ ਕਰਵਾਇਆ। ਰੇਲ-ਗਡੀ ਵਿਚ ਗਊ-ਹਤਿਆ ਕਰਨ ਵਾਲੇ ਕਈ ਬੁਚੜਾਂ ਨੂੰ ਪਾਰ ਬੁਲਾਇਆ। ਇਕ ਹਿੰਦੂ ਲੜਕੀ ਕਾਂਤਾਬਾਈ ਦੀ ਇਜ਼ਤ ਬਚਾਉਣ ਲਈ ਕੋਤਵਾਲ ਤੇ ਉਸ ਦੇ ਡਰਾਈਵਰ ਨੂੰ ਖ਼ਤਮ ਕੀਤਾ ਅਤੇ ਲੜਕੀ ਨੂੰ ਉਸ ਦੇ ਘਰ ਪਹੁੰਚਾਇਆ। ਤੇ ਛੇ ਪੁਲਸੀਆਂ ਨੇ ਝੂਠੀਆਂ ਗਵਾਹੀਆਂ ਦੇ ਕੇ ਉਸ ਨੂੰ ਫਸਾ ਦਿਤਾ, ਪਰ ਉਹ ਪੁਲਸ ਦੀ ਅਖੀਂ ਘਟਾ ਪਾ ਕੇ ਭਜ ਗਿਆ ਅਤੇ ਇਕ ਇਕ ਕਰ ਕੇ ਸਾਰੇ ਗਵਾਹ ਗੋਲੀਆਂ ਨਾਲ ਉੜਾ ਦਿਤੇ। ਫੇਰ ਫੜਿਆ ਗਿਆ ਤੇ ਫਿਰ ਹਵਾਲਾਤੋਂ ਦਾਅ ਲਾ ਕੇ ਰੇਲੇ ਜਾ ਚੜ੍ਹਿਆ। ਇਸ ਡਬੇ ਵਿਚ ਦੋ ਪਠਾਣ ਤੇ ਇਕ ਬੁਰਕੇ ਵਾਲੀ ਬੈਠੇ ਸਨ। ਬੁਰਕੀ ਵਾਲੀ ਨੇ ਲਾਭ ਸਿੰਘ ਦੇ ਪੈਰਾਂ ਨੂੰ ਦਬਾਇਆ। ਸ਼ਕ ਪੈਣ ਤੇ ਪਠਾਣਾਂ ਨਾਲ ਲੜਾਈ ਹੋ ਪਈ। ਦੋਵੇਂ ਪਠਾਣ ਮਾਰੇ ਗਏ। ਉਹ ਲੜਕੀ ਹਿੰਦੂ ਨਿਕਲੀ, ਜਿਸ ਨੂੰ ਮਾਤਾ ਸੁੰਦਰੀ ਦੇ ਗੁਰਦੁਆਰੇ ਲਿਜਾ ਕੇ ਇਕ ਸਿੰਘ ਨਾਲ ਅਨੰਦ ਕਾਰਜ ਕਰ ਦਿਤਾ।

ਅਖ਼ੀਰ ਉਹ ਗ੍ਰਿਫਤਾਰ ਹੋ ਗਿਆ ਅਤੇ ਸਾਰਿਆਂ ਮੁਕੱਦਮਿਆਂ ਦੀ ਸਜ਼ਾ ੧੬੦ ਵਰ੍ਹੇ ਹੋਈ। ਅਪੀਲ ਵਿਚ ਤਿੰਨਾਂ ਕੇਸਾਂ ਦੀ ਫਾਂਸੀ ਟੁਟਣ ਤੇ ਸਾਰੀ ਕੈਦ ੨੨੦ ਵਰ੍ਹੇ ਹੋ ਗਈ। ਸਾਰੀਆਂ ਸਜ਼ਾਵਾਂ ਇਕੱਠੀਆਂ ਹੋ ਕੇ ੪੪ ਸਾਲ ਰਹਿ ਗਈ, ਪਰ ਕਾਨੂੰਨੀ ਤੌਰ ਤੇ ੧੮ ਸਾਲ ਸਾਰੀ ਕੈਦ ਭੁਗਤਣੀ ਹੁੰਦੀ ਹੈ। ੧੯੬੯ ਤਕ ਇਹ ਮਹਾਰਾਸ਼ਟਰ ਦੀਆਂ ਜੇਲ੍ਹਾਂ ਵਿਚ ਕੈਦ ਭੁਗਤਦਾ ਰਿਹਾ।

ਸਿਕੰਦਰਾਬਾਦ ਜੇਲ੍ਹ ਵਿਚ ਇਸ ਨੂੰ ਕਿਸੇ ਸਿੰਘ ਨੇ ਪਰਮਾਰਥ ਵਲ ਪ੍ਰੇਰਿਆ ਅਤੇ ਇਸ ਦੀ ਰੁਚੀ ਗੁਰਬਾਣੀ



www.AKJ.Org

ਵਲ ਲਾਈ। ਇਸ ਨੇ ਸੁੰਦਰ ਗੁਟਕਾ ਮੰਗਵਾ ਕੇ ਬਾਣੀਆਂ ਦਾ ਪਾਠ ਅਰੰਭ ਦਿਤਾ, ਹੌਲੀ ਹੌਲੀ ਸਭ ਕੰਠ ਹੋ ਗਈਆਂ।

ਕਾਫ਼ੀ ਢੂੰਡ ਪੜਤਾਲ ਪਿਛੋਂ ਘਰ ਵਾਲਿਆਂ ਨੂੰ ਇਸ ਦੀ ਕੈਦ ਦਾ ਪਤਾ ਲਗਾ ਤਾਂ ਕਾਫ਼ੀ ਜਤਨਾਂ ਪਿਛੋਂ ਇਸ ਦੀ ਬਦਲੀ ਹਿਸਾਰ ਤੇ ਫਿਰ ਅੰਬਾਲੇ ਜੇਲ੍ਹ ਵਿਚ ਕਰਵਾ ਦਿਤੀ ਗਈ। ਅੰਬਾਲੇ ਇਹ ਕਾਫ਼ੀ ਰੋਗੀ ਹੋ ਗਿਆ ਤੇ ਲਤਾਂ ਜੁੜੀਆਂ ਗਈਆਂ।

ਇਤਫ਼ਾਕਨ ਅਕਾਲੀ ਲੀਡਰ ਸ: ਕਰਤਾਰ ਸਿੰਘ ਟੱਕਰ ਨਾਲ ਅੰਬਾਲੇ ਜੇਲ੍ਹ ਵਿਚ ਇਸ ਦਾ ਮਿਲਾਪ ਹੋਇਆ ਅਤੇ ਜੀਵਨ-ਵਿਥਿਆ ਉਸ ਨੂੰ ਸੁਣਾਈ। ਉਸ ਦੀ ਬਹਾਦਰੀ ਤੇ ਪਰਉਪਕਾਰੀ ਘਟਨਾਵਾਂ ਤੋਂ ਪ੍ਰਭਾਵਤ ਹੋ ਕੇ ਟੱਕਰ ਸਾਹਿਬ ਨੇ ਉਸ ਦੀ ਰਿਹਾਈ ਵਾਸਤੇ ਸ਼੍ਰੋਮਣੀ ਕਮੇਟੀ ਪਾਸੋਂ ਸਰਕਾਰ ਤੇ ਜ਼ੋਰ ਪੁਆਇਆ। ਜਿਸ ਦਾ ਫਲ-ਸਰੂਪ ੫ ਅਕਤੂਬਰ ੧੯੭੪ ਨੂੰ ੨੩ ਸਾਲ ੮ ਮਹੀਨੇ ਤੇ ੨੩ ਦਿਨ ਦੀ ਕੈਦ ਕਟਣ ਪਿਛੋਂ ਭਾਈ ਲਾਭ ਸਿੰਘ ਉਰਫ਼ ਕਾਲਾ ਸਿੰਘ ਨੂੰ ਰਿਹਾ ਕੀਤਾ ਗਿਆ।

ਇਸਦਾ ਭਰਾ ਕੁਝ ਅਕਾਲੀ ਸਿੰਘਾਂ ਦੀ ਸਹਾਇਤਾ ਨਾਲ ਰਿਹਾ ਹੋਣ ਪਿਛੋਂ ਜੇਲ੍ਹ ਤੋਂ ਉਸ ਨੂੰ ਗੁਰਦੁਆਰਾ ਮੰਜੀ ਸਾਹਿਬ ਲੈ ਆਇਆ। ਦੋਵੇਂ ਭਾਈ ਰਾਤ ਕਮਰੇ ਵਿਚ ਸੁਤੇ ਹੋਏ ਸਨ ਕਿ ਕਾਲਾ ਸਿੰਘ ਨੇ ਸੁਪਨੇ ਵਿਚ ਆਪਣੇ ਭਾਈ ਨੂੰ ਉਹਦੇ ਮੂੰਹ ਤੇ ਪਾਣੀ ਦੇ ਛਿਟੇ ਮਾਰਦਿਆਂ ਦੇਖਿਆ। ਅਬੜਵਾਹੇ ਉਠਿਆ ਅਤੇ ਭਰਾ ਨੂੰ ਜਗਾ ਕੇ ਪੁਛਿਆ ਕਿ ਤੂੰ ਮੇਰੇ ਮੂੰਹ ਤੇ ਛਿਟੇ ਕਿਉਂ ਮਾਰਦਾ ਹੈਂ? ਉਸ ਕਿਹਾ ਕਿ ਮੈਂ ਤਾਂ ਕੋਈ ਛਿਟੇ ਨਹੀਂ ਮਾਰੇ। ਪਰ ਜਦ ਕਾਲਾ ਸਿੰਘ ਦੇ ਮੂੰਹ ਤੇ ਹੱਥ ਫੇਰਿਆ ਤਾਂ ਉਹ ਸਚ-ਮੁਚ ਹੀ ਗਿਲਾ ਸੀ। ਉਸ ਦਾ ਭਰਾ ਬਹੁਤ ਹੈਰਾਨ ਹੋਇਆ ਤਾਂ ਕਾਲਾ ਸਿੰਘ ਨੇ ਕਿਹਾ ਕਿ ਮੈਨੂੰ ਸੁਪਨੇ ਵਿਚ ਹੁਣ ਭੀ ਤੇ ਪਹਿਲਾਂ ਜੇਲ੍ਹ ਵਿਚ ਭੀ ਇਹ ਪ੍ਰੇਰਨਾ ਮਿਲਦੀ ਰਹੀ ਹੈ ਕਿ ਦੁਖ ਭੰਜਨੀ ਵਿਖੇ ਇਸ਼ਨਾਨ ਕਰਾਂ, ਰੋਗ ਕਟੇ ਜਾਣਗੇ। ਹੁਣ ਮੈਨੂੰ ਉਥੇ ਲੈ ਚਲੋ।

ਟੱਕਰ ਸਾਹਿਬ ਦੀ ਸਹਾਇਤਾ ਨਾਲ ੯ ਅਕਤੂਬਰ ਰਾਤ ਨੂੰ ਇਹ ਗੁਰੂ ਰਾਮਦਾਸ ਜੀ ਦੀ ਸਰਾਂ ਵਿਖੇ ਪੁਜੇ। ਦੂਜੇ ਦਿਨ ਸਵੇਰੇ ਨੌਂ ਵਜੇ ਸੇਵਾਦਾਰਾਂ ਨੇ ਉਸ ਨੂੰ ਚੁਕ ਕੇ ਦੁਖ ਭੰਜਨੀ ਬੇਰੀ ਲਾਗੇ ਜਾ ਬਿਠਾਇਆ। ਉਸ ਨੇ ਰੋਗ ਦੀ ਨਵਿਰਤੀ ਲਈ ਪਰਕਰਮਾ ਵਿਚ ਤੁਰੇ ਜਾਂਦੇ ਪੰਜ ਸਧਾਰਨ ਸਿਖਾਂ ਰਾਹੀਂ ਅਰਦਾਸ ਕਰਵਾਈ। ਅਰਦਾਸ ਕਰਨ ਵਾਲੇ ਸਿਖ ਦਾ ਨਾਂ ਭਾਈ ਜੁਗਿੰਦਰ ਸਿੰਘ ਸੀ। ਕਾਲਾ ਸਿੰਘ ਨੇ ਕਿਹਾ ਕਿ ਮੈਂ ਆਪ ਹੀ ਰਿੜ੍ਹ ਕੇ ਸਰੋਵਰ ਵਿਚ ਚੁਭਾ ਲਾਵਾਂਗਾ ਅਤੇ ਉਹ ਰਿੜ੍ਹ ਕੇ ਸਰੋਵਰ ਵਿਚ ਮੂੰਹ-ਭਾਰ ਜਾ ਡਿਗਾ। ਦੇਖਣ ਵਾਲਿਆਂ ਪਰਤੀਤ ਕੀਤਾ ਕਿ ਖ਼ਤਮ ਹੋ ਗਿਆ ਹੈ। ਉਸ ਨੂੰ ਕਢਣ ਲਈ ਸਿਖ ਦੌੜੇ ਤੇ ਜਦ ਉਸ ਦਾ ਮੂੰਹ ਚੁਕਿਆ ਤਾਂ ਉਸ ਨੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ ਅਤੇ ਕਿਹਾ ਕਿ ਮੇਰਾ ਰੋਗ ਜਾ ਰਿਹਾ ਹੈ, ਮੈਨੂੰ ਨਾਲ ਦੀ ਕੰਧ ਨਾਲ ਖੜਾ ਕਰ ਦਿਓ। ਖੜਾ ਕਰਨ ਤੇ ਉਸ ਦੀਆਂ ਲਤਾਂ ਕੰਬ ਰਹੀਆਂ ਸਨ। ਕੁਝ ਕੁ ਮਿੰਟਾਂ ਪਿਛੋਂ ਹੀ ਉਹ ਬਿਲਕੁਲ ਸਾਵਧਾਨ ਹੋ ਗਿਆ ਤੇ ਲਤਾਂ ਵਿਚ ਤਾਕਤ ਆ ਗਈ। ਉਹ ਤੁਰ ਕੇ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨਾਂ ਨੂੰ ਗਿਆ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਚੜ੍ਹਾ ਕੇ ਨਿਮਰੀ-ਭੂਤ ਹੋ ਕੇ ਗੁਰ-ਚਰਨਾਂ ਵਿਚ ਮੱਥਾ ਟੇਕਿਆ। ਤੇ ਚਰਨ-ਧੂੜ ਮੱਥੇ ਲਾਈ।

ਸਤਿਗੁਰਾਂ ਦੀ ਇਸ ਅਲੌਕਿਕ ਚਮਤਕਾਰੀ ਬਖ਼ਸ਼ਸ਼ ਦੇ ਕ੍ਰਿਸ਼ਮੇ ਨੂੰ ਵੇਖ ਕੇ ਬੇਅੰਤ ਸੰਗਤਾਂ ਉਸ ਦੇ ਪਿਛੇ ਚਲ ਕੇ ਹਰਿਮੰਦਰ ਸਾਹਿਬ ਪੁਜੀਆਂ। ਇਹ ਸਿੰਘ ਦੋ ਤਿੰਨ ਦਿਨ ਸ਼੍ਰੋਮਣੀ ਗੁਰਦਵਾਰਾ ਪ੍ਰ: ਕਮੇਟੀ ਦੇ ਦਫਤਰ ਵਿਚ ਰਿਹਾ। ਬੇਅੰਤ ਸੰਗਤਾਂ ਤੇ ਪਤਰਕਾਰਾਂ ਨੇ ਉਸ ਦੇ ਦਰਸ਼ਨ ਕੀਤੇ, ਫੋਟੋ ਲਈਆਂ ਅਤੇ ਜੀਵਨ ਭਰ ਦੇ ਸਮਾਚਾਰ ਉਸ ਦੀ ਜ਼ਬਾਨੀ ਸੁਣੇ।

ਉਸ ਨੇ ਦਰਸ਼ਕਾਂ ਨੂੰ ਦਸਿਆ ਕਿ ਜਦੋਂ ਮੈਂ ਦੁਖ-ਭੰਜਨੀ ਦੇ ਅਸਥਾਨ ਤੇ ਸਰੋਵਰ ਵਿਚ ਮੂੰਹ-ਪਰਨੇ ਡਿਗਿਆ ਸਾਂ ਤਾਂ ਮੈਨੂੰ ਇਉਂ ਪਰਤੀਤ ਹੋਇਆ ਕਿ ਮੇਰੀ ਪਿਠ ਤੇ, ਕਿਸੇ ਨੇ ਪੈਰ ਰਖ ਦਿਤਾ ਹੈ ਅਤੇ ਮੈਨੂੰ ਪੈਰ ਨਾਲ ਹੇਠਾਂ ਦਬਾ ਦਿਤਾ ਹੈ। ਨਾਲ ਹੀ ਕਿਸੇ ਨੇ ਮੇਰੀਆਂ ਲਤਾਂ ਤੇ ਬਾਹਾਂ ਨੂੰ ਖਿਚ ਕੇ ਸਿਧਿਆਂ ਕਰ ਦਿਤਾ ਹੈ। ਇਉਂ ਮਹਿਸੂਸ ਹੋਇਆ ਕਿ ਰੋਗ ਖ਼ਤਮ ਹੋ ਕੇ ਸਤਿਗੁਰਾਂ ਦੀ ਮਿਹਰ ਹੋ ਰਹੀ ਹੈ।

ਅੰਮ੍ਰਿਤ-ਸਰੋਵਰ ਇਸ਼ਨਾਨ ਦੇ ਇਹ ਜ਼ਾਹਰ ਜ਼ਹੂਰ ਚਮਤਕਾਰ ਹਨ, ਜਿਹੜੇ ਪਰਤੱਖ ਕਲਾ ਵਰਤਣ ਦੀ ਅਲੌਕਿਕ ਘਟਨਾ ਹੈ, ਜਿਹੜੀ ਕਿ ਅਜ ਕਲ੍ਹ ਦੇ ਅਸ਼ਰਧਕ ਤੇ ਨਾਸਤਕ ਲੋਕਾਂ ਨੂੰ ਭੀ ਸਿਦਕ, ਭਰੋਸਾ ਤੇ ਭੈ-ਭਾਵਨੀ ਬਖ਼ਸ਼ਦੀ ਹੈ।



www.AKJ.Org

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼-ਉਤਸ਼ਵ ਤੇ

## ਜਲੰਧਰ ਸ਼ਹਿਰ ਵਿਖੇ ਸਲਾਨਾ ਕੀਰਤਨ ਸਮਾਗਮ

## ੨੮ ਨਵੰਬਰ ਸ਼ਾਮ ਤੋਂ ੧ ਦਸੰਬਰ ੧੯੭੪ ਸਵੇਰ ਤਕ

ਦੋ ਕਰ ਜੋੜ ਬੇਨਤੀ ਹੈ ਕਿ ਹਰ ਸਾਲ ਵਾਂਗ, ਸਤਿਗੁਰੂ ਜੀ ਦੀ ਮਿਹਰ ਦਾ ਸਦਕਾ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼-ਉਤਸ਼ਵ ਦੇ ਸਬੰਧ ਵਿਚ, ਜਲੰਧਰ ਵਿਚ ਮਹਾਨ ਕੀਰਤਨ ਸਮਾਗਮ ਹੋ ਰਿਹਾ ਹੈ। ਇਸ ਸੁਭਾਗੇ ਗੁਰਪੁਰਬ ਸਮਾਗਮ ਵਿਚ ਬੇਅੰਤ ਅਖੰਡ ਕੀਰਤਨੀ ਜੱਥੇ ਦੀਦਾਰ ਬਖ਼ਸ਼ ਕੇ ਰਸ ਭਿੰਨੜੇ ਕੀਰਤਨ ਦੁਆਰਾ ਨਿਹਾਲ ਕਰਨਗੇ।

ਆਪ ਜੀ ਸਹਿਤ ਪਰਵਾਰਾਂ ਅਤੇ ਸਤਸੰਗੀਆਂ ਦੇ ਹੁਮ-ਹੁਮਾ ਕੇ ਦੀਦਾਰੇ ਆਇ ਬਖ਼ਸ਼ੋ ਤੇ ਕੀਰਤਨੀ ਦੇ ਲਾਹੇ ਲਵੋ ਜੀ।

## ‡ ਪ੍ਰੋਗਰਾਮ ‡

| ਮਿਤੀ | ਸਮਾਂ | ਵੇਰਵਾ | ਅਸਥਾਨ |
|---|---|---|---|
| ੨੮-੧੧-੭੪ (ਵੀਰਵਾਰ) | ੬-੦੦ ਤੋਂ ੯-੦੦ ਸ਼ਾਮ | ਅਖੰਡ ਕੀਰਤਨ | ਗੁ: ਸਾਹਿਬ,ਮਾਡਲ ਟਾਊਨ |
| ੨੯-੧੧-੭੪ | ---- ੫-੦੦ ਸਵੇਰੇ | ਭੋਗ ਅਖੰਡਪਾਠ | ਲਾਇਲਪੁਰ ਖ਼ਾ:ਹਾ:ਸ: ਸਕੂਲ |
| (ਸ਼ੁਕਰਵਾਰ) | ੬-੦੦ ਤੋਂ ੧-੦੦ ਦੁਪਹਿਰ ਤਕ | ਅਖੰਡ ਕੀਰਤਨ | ,, |
| | ੬-੩੦ ਤੋਂ ੯-੦੦ ਸ਼ਾਮ | ਅਖੰਡ ਕੀਰਤਨ | ,, |
| ੩੦-੧੧-੭੪ (ਸ਼ਨੀਵਾਰ) | ੫-੦੦ ਤੋਂ ੧-੦੦ ਦੁਪਹਿਰ ਤਕ | ਅਖੰਡ ਕੀਰਤਨ | ,, |

**ਰੈਣ-ਸਬਾਈ:-** ੩੦ ਨਵੰਬਰ ਸ਼ਨੀਵਾਰ ਸ਼ਾਮ ਨੂੰ ੭-੩੦ ਵਜੇ ਅਰੰਭ ਹੋਵੇਗੀ, ਜਿਸ ਦਾ ਭੋਗ ੧ ਦਸੰਬਰ ਐਤਵਾਰ ਨੂੰ ਸਵੇਰੇ ੫ ਵਜੇ ਪੈਣਗੇ।

**ਅੰਮ੍ਰਿਤ-ਸੰਚਾਰ:-** ੩੦ ਨਵੰਬਰ ਸ਼ਨੀਵਾਰ ਨੂੰ ੩ ਵਜੇ ਦੁਪਹਿਰ ਪਿਛੋਂ ਅਰੰਭ ਹੋਵੇਗਾ। ਸਿੰਘ ਸਿੰਘਣੀਆਂ ਪਰਵਾਰਾਂ ਸਮੇਤ ਪੰਜ-ਕਕਾਰੀ ਰਹਿਤ ਧਾਰਨ ਕਰ ਕੇ ਪੁਜੋ ਅਤੇ ਗੁਰੂ ਵਾਲੇ ਬਣ ਕੇ ਜਨਮ ਸਫਲਾ ਕਰੋ ਜੀ।

**ਨੋਟ:-** ੧. ਰਿਹਾਇਸ਼ ਆਦਿ ਦਾ ਪਰਬੰਧ ਲਾਇਲਪੁਰ ਖ਼ਾਲਸਾ ਹਾਇਰ ਸਕੈਂਡਰੀ ਸਕੂਲ, ਨਕੋਦਰ ਰੋਡ,ਜਲੰਧਰ ਵਿਖੇ ਹੋਵੇਗਾ। ੨. ਆਪਣੀ ਲੋੜ ਮੂਜਬ ਬਿਸਤਰੇ ਜ਼ਰੂਰ ਲਿਆਵੋ ਜੀ।

ਪੁਛ-ਗਿਛ ਲਈ :

(ੳ) ਮਾਸਟਰ ਸੁੰਦਰ ਸਿੰਘ ਜੀ, 438, ਗੁਰੂ ਨਾਨਕ ਪੁਰਾ(ਸਿਰਾਜ ਗੰਜ),ਅਡਾ ਨਕੋਦਰ, ਜਲੰਧਰ

(ਅ) ਕਰਨਲ ਦਲਜੀਤ ਸਿੰਘ ਜੀ, 305-L, ਮਾਡਲ ਟਾਊਨ, ਜਲੰਧਰ

ਪ੍ਰਾਰਥਕ ਦਾਸਰੇ :-**ਅਖੰਡ ਕੀਰਤਨੀ ਜੱਥਾ, ਜਲੰਧਰ**

www.AKJ.Org

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

ਆਤਮ-ਰੰਗਾਂ ਅਤੇ ਨੂਰਾਨੀ ਚਮਤਕਾਰਾਂ ਵਾਲੀ ਦੁਨੀਆ ਦੇ ਦਰਸ਼ਨ ਕਰਨ ਲਈ ਅਤੇ ਨਾਮ ਬਾਣੀ ਦੇ ਪਰਤੱਖ ਕ੍ਰਿਸ਼ਮਿਆਂ ਵਾਲੇ ਤਜਰਬੇ ਜਾਨਣ ਲਈ ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਹੇਠ ਲਿਖੀਆਂ ਪੁਸਤਕਾ ਪੜ੍ਹੋ :—

Autobiography of Bhai Sahib Randhir Singh ji Translated by Dr. Trilochan Singh 20-00

| | | | |
|---|---|---|---|
| ਜੇਲ੍ਹ ਚਿਠੀਆਂ | 7-00 | ਗੁਰਮਤਿ ਸਚ ਨਿਰਣੇ | 6-00 |
| ਰੰਗਲੇ ਸਜਣ | 3-50 | ਸੰਤ ਪਦ ਨਿਰਣੇ | 3-00 |
| ਗੁਰਮਤਿ ਗੌਰਵਤਾ | 7-00 | ਅਨਹਦ ਸ਼ਬਦ ਦਸਮ ਦੁਆਰ | 3-50 |
| ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੇ | 3-00 | ਗੁਰਮਤਿ ਨਾਮ ਅਭਿਆਸ ਕਮਾਈ | 4-00 |
| ਚਰਨ ਕਮਲ ਕੀ ਮਉਜ | 0-90 | ਦਰਸ਼ਨ ਝਲਕਾਂ | 2-50 |
| ਅੰਮ੍ਰਿਤ ਕਲਾ | 0-55 | ਸਚਖੰਡ ਦਰਸ਼ਨ | 1-00 |
| ਬਾਬਾ ਵੈਦ ਰੋਗੀਆਂ ਦਾ | 0-20 | ਸ਼ੰਕਿਆਂ ਦੇ ਉਤਰ | 0-50 |
| ਆਸਤਕ ਨਾਸਤਕ | 0-25 | ਸਿਖ ਕੌਣ ਹੈ | 0-15 |
| ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | 0-10 | ਸਚੀਆਂ ਦਾੜ੍ਹੀਆ | 0-20 |
| ਵਾਹਿਗੁਰੂ ਸਿਮਰਨ | 0-20 | ਅਕਾਲ ਪੁਰਖ ਦੇ ਪਰਤਖ ਦਰਸ਼ਨ | 0-20 |
| ਕੀਰਤਨੀ ਜੱਥੇ ਦੀ ਦਾਸਤਾਨ | 0-30 | ਸਿਖੀ ਸਿਦਕ | 0-20 |

## *ਛਪਣ ਵਾਲੀਆਂ ਪੁਸਤਕਾਂ*

| | |
|---|---|
| ਗੁਰਮਤਿ ਬਿਬੇਕ (ਛਪ ਰਹੀ ਹੈ) | ਗੁਰਮਤਿ ਕਰਮ ਫ਼ਿਲਾਸਫ਼ੀ |
| ਕਥਾ ਕੀਰਤਨ | ਗੁਰਬਾਣੀ ਦੀਆਂ ਲਗਾਂ ਮਾਤਰਾਂ ਦੀ ਵਿਲਖਣਤਾ |
| ਗੁਰਮਤਿ ਪ੍ਰਕਾਸ਼ | ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤ-ਪ੍ਰਸਤੀ ਹੈ ? |
| ਜੋਤਿ ਵਿਗਾਸ | ਅਣਡਿਠੀ ਦੁਨੀਆ |
| ਗੁਰਮਤਿ ਲੇਖ | ਨਾਮ ਦਾ ਦਾਤਾ ਸਤਿਗੁਰੂ |
| ਗੁਰਮਤਿ ਵਿਚਾਰ | ਨਾਮ ਸਬੰਧੀ ਵਿਚਾਰ |
| ਅੰਮ੍ਰਿਤ ਕੀ ਹੈ (ਛਪ ਰਹੀ ਹੈ) | ਉਮਰ ਕੈਦੀ ਦਾ ਸੁਪਨਾ |
| ਗਿਆਨ ਚਾਨਣਾ | ਹਉਮੈ ਨਾਵੈ ਨਾਲ ਵਿਰੋਧ ਹੈ |
| ਗੁਰਮਤਿ ਰਮਜ਼ਾਂ (ਛਪ ਰਹੀ ਹੈ) | ਕੋ ਵਿਰਲਾ ਗੁਰਮਤਿ ਚਲੇ ਜੀਉ |
| ਸਿੰਘਾਂ ਦਾ ਪੰਥ ਨਿਰਾਲਾ | |

ਉਪਰੋਕਤ ਪੁਸਤਕਾਂ ਪੜ੍ਹ ਕੇ ਗੁਰਮਤਿ ਦੀ ਸੋਝੀ ਪੈਂਦੀ ਹੈ, ਗੁਰੂ-ਚਰਨਾਂ ਨਾਲ ਪ੍ਰੀਤ ਉਪਜਦੀ ਹੈ ਅਤੇ ਨਾਮ-ਰੰਗਾਂ ਵਿਚ ਰੰਗੀਜੇ ਜਾਈਦਾ ਹੈ ।

ਪੁਸਤਕਾਂ ਮੰਗਾਣ ਦਾ ਪਤਾ :—

***ਭਾ: ਸਾਹਿਬ ਰਣਧੀਰਸਿੰਘ ਪਬਲਿਸ਼ਿੰਗ ਹਾਊਸ, ੧੨੬-ਮਾਡਲ ਟਾਊਨ, ਲੁਧਿਆਣਾ***

ਜਾਂ

***ਮੈਨੇਜਰ 'ਸੂਰਾ' ਮਾਸਕ ਪੱਤਰ, ਕੂਚਾ ਚਤਰ ਸਿੰਘ, ਮਾਈ ਸੇਵਾਂ, ਅੰਮ੍ਰਿਤਸਰ***

www.AKJ.org